ਮਾਸਕ ਪੱਤਰ

੧ੴ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

ਭਾ: ਸਾ: ਰਣਧੀਰ ਸਿੰਘ ਜੀ ਮਨ-ਮੇਲੀਆਂ ਨਾਲ



JUL 1990

ਜੁਲਾਈ ੧੯੯੦

www.AKJ.Org

# ਤ ਤ ਕ ਰਾ


| | | |
|---|---|---|
| ਤਹਾਂ ਜਉ ਮਾਇਆ ਬਿਆਪੈ | ੩ | ਭਾ: ਸਾ: ਭਾਈ ਗੁਰਦਾਸ ਜੀ |
| 'ਨਾਮ ਬਿਨਾ ਕੈਸੇ ਆਚਾਰ' | ੪ | ਭਾ: ਸਾ: ਰਣਧੀਰ ਸਿੰਘ ਜੀ |
| ਗੁਰਬਾਣੀ ਗਾਉਣ ਸਮੇਂ ਗੁਣੀ ਦਾ ਧਿਆਨ | ੮ | ,, ,, ,, |
| ਗੁਰਸਿੱਖੀ ਕੀ ਹੈ ? (੫) | ੯ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਸਤਿਗੁਰੂ ਨਾਲਿ ਧਿਆਨੁ (੨) | ੧੨ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ | ੧੫ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਗੁਰੂ ਹਰਿ ਕ੍ਰਿਸ਼ਨ ਜੀ ਦੀ ਪ੍ਰਤਿੱਭਾ | ੧੭ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਸਤਿਗੁਰ ਸਿਖ ਕੇ ਬੰਧਨ ਕਾਟੈ | ੨੧ | ਪ੍ਰੋਫੈਸਰ ਹਰਨਾਮ ਸਿੰਘ ਜੀ |
| ਖੰਨਿਅਹੁ ਤਿਖੀ ਵਾਲਹੁ ਨਿਕੀ (ਭਾ: ਸਰਵਣ ਸਿੰਘ ਜੀ) | ੨੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਕਾਇ ਪਰ ਗ੍ਰਿਹਿ ਜਾਇ | ੨੭ | ,, ,, ,, |
| ਸਭ ਥਾਈਂ ਹੋਇ ਸਹਾਇ | ੨੯ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਭੂਰਿਆਂ ਵਾਲੇ ਰਾਜੇ ਕੀਤੇ (੯) | ੩੨ | ਕੈਪਟਿਨ ਸਵਰਨ ਸਿੰਘ ਜੀ |
| ਐਸੀ ਉਜਲੀ ਮਤ ਹੈ ਖਾਲਸੇ ਦੀ (ਕਵਿਤਾ) | ੩੯ | ਸ: ਅਤਰ ਸਿੰਘ ਜੀ ਨੀਰ |
| ਦੋਦੜੇ ਡੇਰੇ ਬਾਰੇ ਸਿੰਘ ਸਭਾ ਬੰਬਈ ਦਾ ਮਤਾ | ੪੦ | ਸ: ਹਰਨਾਮ ਸਿੰਘ ਜਨਰਲ ਸਕੱਤ੍ਰ |
| ਗਜ਼ਲ | ੪੦ | ਗਿ: ਗੋਪਾਲ ਸਿੰਘ ਜੀ ਮਿੱਤਰ |
| ਭਾ: ਸਾ: ਰਣਧੀਰ ਸਿੰਘ ਜੀ ਦਾ ਜੀਵਨ ਇਕ ਨਜ਼ਰ ਵਿਚ | ੪੧ | -- -- -- |
| ਕਾਨਵੈਂਟ ਸਕੂਲਾਂ ਵਿਚ ਪੜ੍ਹਦੇ ਸਿੱਖ ਬੱਚੇ | ੪੨ | ਭਾਈ ਨਰੈਣ ਸਿੰਘ ਜੀ ਐਮ.ਏ. |


## ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਅਵਤਾਰ ਦਿਵਸ ੧੯ ਜੁਲਾਈ

## 'ਸੂਰਾ' ਦੇ ਚੰਦੇ ਤੇ ਬਕਾਏ ਅ: ਲਾਈਫ ਮੈਂਬਰ ਦੇ ਕੇ ਰਸੀਦ ਲਓ

੧. ਲੁਧਿਆਣਾ—ਗਿਆਨੀ ਅਜੀਤ ਸਿੰਘ ਜੀ, ਵਿਯੋਗੀ ਨਿਕੇਤਨ, ਗਲੀ ਨੰਬਰ ੭, ਫੀਲਡ ਗੰਜ
੨. ਪਟਿਆਲਾ - ਪ੍ਰੋਫੈਸਰ ਗੁਰਮੁਖ ਸਿੰਘ ਜੀ, ੧੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸਿਆਰਪੁਰ —ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ - ਭਾਈ ਫੌਜਿੰਦਰ ਸਿੰਘ, ੫੩੨/੩-ਏ ਫੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜਿਲਾ ਸੰਗਰੂਰ—ਪਿੰਡ ਰੋਹੀੜਾ (ਕੁਪ ਘਲੂਘਾਰਾ) ਭਾਈ ਦਰਸ਼ਨ ਸਿੰਘ ਜੀ ਦਰਸ
੭. ਫਰੀਦਾਬਾਦ—(ਹਰਿਆਣਾ) ਭਾਈ ਮੋਹਨ ਸਿੰਘ ਜੀ, ਕੋਠੀ ਨੰਬਰ ੧੧੨੯, ਸੈਕਟਰ ੧੫
੮. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੯. ਸਾਰੇ ਸਮਾਗਮਾਂ ਸਮੇਂ— ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸਹਿਰ
੧੦. ਅੰਮ੍ਰਿਤਸਰ -- ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ)
ਟੈਲੀਫੋਨ ਬਦਲੇ ਹੋਏ ਨੰਬਰ : ੪੫੭੯੭, ਘਰ ੫੨੨੦੬


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੩-੬-੯੦ ਨੂੰ ਪ੍ਰਕਾਸ਼ਤ ਕੀਤਾ।



www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ੴ ਵਾਹਿਗੁਰੂ ਜੀ ਕੀ ਫਤਹ

ਮਾਸਕ — ਸ੍ਰੀ ਅੰਮ੍ਰਿਤਸਰ — ਪੱਤਰ

**ਸਾਲਾਨਾ ਚੰਦਾ**

ਦੇਸ ੨੦-੦੦
ਇਕ ਪਰਚਾ ੨-੦੦

ਪਰਦੇਸ (ਸਾਰੇ ਦੇਸ)

**ਸਾਲਾਨਾ ਚੰਦਾ**

ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦

Foreign Subscription
Sea Mail 40-00
Air Mail 100-00

**ਅਮਾਨਤੀ ਲਾਈਫ ਮੈਂਬਰ**

ਦੇਸ ੨੦੦-੦੦

ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੪ ਜੁਲਾਈ ੧੯੯੦ ਅੰਕ ੭


## ਤਹਾਂ ਜਉ ਮਾਇਆ ਬਿਆਪੈ

ਬਾਹਰਿ ਕੀ ਅਗਨਿ ਬੂਝਤ ਜਲ ਸ਼ਰਿਤਾ ਕੈ,
ਨਾਉ ਮੈ ਜਉ ਅਗਨਿ ਲਾਗੈ ਕੈਸੇ ਕੈ ਬੁਝਾਈਐ ? ॥
ਬਾਹਰਿ ਸੈ ਭਾਗਿ ਓਟ ਲੀਜੀਅਤ ਕੋਟ ਗੜ੍ਹ,
ਗੜ੍ਹ ਮੈ ਜੋ ਲੂਟਿ ਲੀਜੈ ਕਹੋ ਕਤ ਜਾਈਐ ? ॥
ਚੋਰਨ ਕੇ ਤ੍ਰਾਸ ਜਾਇ ਸ਼ਰਨ ਗਹੈ ਨਰਿੰਦ,
ਮਾਰੈ ਮਹੀਪਤਿ ਜੀਉ ਕੈਸੇ ਕੈ ਬਚਾਈਐ ? ॥
ਮਾਇਆ ਡਰ ਡਰਪਤ ਹਾਰਿ ਗੁਰਦੁਆਰਿ ਜਾਵੈ,
ਤਹਾਂ ਜਉ ਮਾਇਆ ਬਿਆਪੈ ਕਹਾਂ ਠਹਰਾਈਐ ? ॥

[ਭਾਈ ਗੁਰਦਾਸ ਜੀ, ਕਬਿਤ ੫੪੪

ਸਰਿਤਾ-ਨਦੀ । ਨਾਉ-ਬੇੜੀ । ਕੋਟ ਗੜ੍ਹ-ਕਿਲ੍ਹਾ । ਤ੍ਰਾਸ-ਡਰ । ਨਰਿੰਦ-ਰਾਜਾ । ਮਹੀਪਤਿ-ਰਾਜਾ ।




www.AKJ.Org

# 'ਨਾਮ ਬਿਨਾ ਕੈਸੇ ਆਚਾਰ'

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਉਪਰਲਾ ਸਿਰਲੇਖ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਭਾਤੀ ਰਾਗ ਦੇ ੧੩੩੦ ਪੰਨੇ ਤੇ ਹੈ। ਅਤੇ ਪੰਨਾ ੬੨ ਤੇ "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ" ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ। ਇਸੇ ਦੀ ਪੁਸ਼ਟੀ ਸ੍ਰੀ ਗੁਰੂ ਪੰਚਮ ਪਾਤਸ਼ਾਹ ਆਸਾ ਰਾਗ ਦੇ ਪੰਨਾ ੪੦੫ ਤੇ ਕਰਦੇ ਹਨ –'ਕਰਮ ਧਰਮ ਅਨੇਕ ਕਿਰਿਆ ਸਭ ਉਪਰਿ ਨਾਮੁ ਆਚਾਰੁ"। ਭਾਈ ਗੁਰਦਾਸ ਜੀ ਨੇ ੧੮ਵੀਂ ਵਾਰ ਦੀ ੧੯ਵੀਂ ਪਉੜੀ ਵਿਚ ਇਸ ਦੀ ਵਿਆਖਿਆ ਕੀਤੀ ਹੈ—"ਜਪ ਤਪ ਸੰਜਮ ਲਖ ਲਖ ਹੋਮ ਜਗ ਨਈਵੇਦ ਕਰੋੜੀ।......ਲੋਕ ਵੇਦ ਗੁਣ ਗਿਆਨ ਲਖ ਜੋਗ ਭੋਗ ਲਖ ਝਾੜਿ ਪਛੋੜੀ। ਸਚਹੁ ਓਰੈ ਸਭ ਕਿਹੁ ਲਖ ਸਿਆਣਪ ਸੱਭਾ ਥੋੜੀ। ਉਪਰਿ ਸਚੁ ਆਚਾਰੁ ਚਮੋੜੀ ।"

ਭਾਵ ਸਪੱਸ਼ਟ ਹੈ ਕਿ ਸਾਰਾ ਦੁਨਿਆਵੀ ਸ੍ਰੇਸ਼ਟਾਚਾਰ 'ਸਚੁ' (Eternal Truth) ਤੋਂ ਥਲੇ ਹੈ। ਸਭ ਤੋਂ ਉਪਰ ਹੈ 'ਸਚੁ' ਅਤੇ ਇਸ 'ਸਚ' ਦੇ ਅਧਾਰ ਤੇ ਉਸਰਿਆ ਆਚਾਰ।

ਭਾਈ ਸਾਹਿਬ ਰਣਧੀਰ ਸਿੰਘ ਜੀ ਨੇ 'ਅਣਡਿੱਠੀ ਦੁਨੀਆ' ਦੇ ਅੰਤਲੇ ਲੇਖ 'ਧਰਮ ਰਾਇ, ਚਿਤਰ ਗੁਪਤ ਤੇ ਆਵਾਗਵਨ' ਵਿਚ ਦੁਨੀਆਵੀ ਅਚਾਰਵੰਤਿਆਂ ਬਾਰੇ ਦਸਦਿਆਂ ਨਿਰਣਾ ਕੀਤਾ ਹੈ ਕਿ ਇਨ੍ਹਾਂ ਦੀ ਉਚੀਆਂ ਕਰਨੀਆਂ ਕਰਤੂਤਾਂ ਵਾਹਿਗੁਰੂ ਦੇ ਦਰਬਾਰ ਵਿਚ ਕਿਸੇ ਕੰਮ ਨਹੀਂ ਆਉਣੀਆ, ਉਥੇ ਸੱਚੇ ਨਾਮ ਤੋਂ ਬਿਨਾਂ ਸਭ ਨੂੰ ਲੇਖੇ ਭੁਗਤਣੇ ਪੈਣੇ ਹਨ। ਉਸ ਲੇਖ ਵਿਚੋਂ ਕੁਝ ਸੰਬੰਧਤ ਮਜ਼ਮੂਨ ਹੇਠ ਦਿਤਾ ਜਾ ਰਿਹਾ ਹੈ। —ਸੰਪਾਦਕ

ਬਹੁਤੁ ਧਨਾਢਿ ਅਚਾਰਵੰਤੁ ਸੋਭਾ ਨਿਰਮਲ ਰੀਤਿ ॥
ਮਾਤ ਪਿਤਾ ਸੁਤ ਭਾਈਆ ਸਾਜਨ ਸੰਗਿ ਪਰੀਤਿ ॥
ਲਸਕਰ ਤਰਕਸਬੰਦ ਬੰਦ ਜੀਉ ਜੀਉ ਸਗਲੀ ਕੀਤ ॥
ਚਿਤਿ ਨ ਆਇਓ ਪਾਰਬ੍ਰਹਮੁ ਤਾ ਖੜਿ ਰਸਾਤਲਿ ਦੀਤ ॥੨॥ [ਸਿਰੀਰਾਗੁ ਮ: ੫, ਪੰਨਾ ੭੦-੭੧

ਓਹੋ! ਕੈਸੀ ਭਿਆਨਕ ਦਸ਼ਾ ਹੈ ਕਿ ਇਸ ਲੋਕ ਵਿਚ ਬਹੁਤੇ ਧਨਾਢ ਅਤੇ ਅਚਾਰਵੰਤ, ਸੋਭਾਵੰਤ ਅਤੇ ਵਧ ਵਧ ਕੇ ਨਿਰਮਲ ਰੀਤੀਆਂ ਕਰਨ ਵਾਲਿਆਂ ਨੂੰ ਅਗੇ ਜਾ ਕੇ ਫੜ ਖੜ ਕੇ ਰਸਾਤਲੀਂ ਹੀ ਪਾਇਆ ਘਤਿਆਂ ਜਾਏਗਾ। ਜਿਨ੍ਹਾਂ ਨੂੰ ਪਾਰਬ੍ਰਹਮ ਕਦੇ ਚਿਤ ਨਹੀਂ ਆਇਆ, ਉਹਨਾਂ ਦੇ ਧਨਾਢਪੁਣੇ ਨੇ ਕੱਖ ਭੀ ਸਹਾਇਤਾ ਨਹੀਂ ਕਰਨੀ। ਉਹਨਾਂ ਦੇ ਅਚਾਰਵੰਤ ਹੋਣ ਦਾ ਰਾਈ ਮਾਤ੍ਰ ਭੀ ਸੁਥੇਹਤਾ ਨਹੀਂ ਹੋਵੇਗਾ। ਓਥੇ ਅਗੇ ਚੱਲ ਕੇ ਉਹਨਾਂ ਦੀਆਂ ਸੰਸਾਰੀ ਸੋਭਾ ਖੱਟਣ ਖ਼ਾਤਰ ਉੱਚੀਆਂ ਕਰਨੀਆਂ ਕਰਤੂਤਾਂ ਕੀਤੀਆਂ, ਕਿਸੇ ਭੀ ਕੰਮ ਨਹੀ ਆਉਣੀਆਂ, ਅਤੇ ਸੰਸਾਰਕ ਸੰਬੰਧੀਆਂ ਰਿਸ਼ਤੇਦਾਰਾਂ ਤੇ ਕੁਟੰਬੀਆਂ ਨੇ ਉਨ੍ਹਾਂ ਦਾ ਕੁਛ ਭੀ ਨਹੀਂ ਸਾਰਨਾ। ਜਿਨ੍ਹਾਂ ਦੀ ਖ਼ਾਤਰ ਸਾਰੀ ਉਮਰ ਖਪਿ ਖਪਿ ਮਰਨ ਵਿਚ ਹੀ ਉਹਨਾਂ ਦੀ ਵਿਹਾਈ ਉਹਨਾਂ ਦੇ ਲਸ਼ਕਰ, ਤਰਕਸਾਂ, ਅਨਿਕ ਪ੍ਰਕਾਰੀ ਹਥਿਆਰਾਂ ਨੇ ਭੀ ਉਹਨਾਂ ਦੀ ਰੰਚਕ ਭਰ ਇਮਦਾਦ ਨਹੀਂ ਕਰਨੀ, ਜਿਨ੍ਹਾਂ ਉਤੇ ਐਡਾ ਮਾਣ ਕਰੀ ਫਿਰਦੇ ਰਹੇ ਸਨ। ਨਾ ਹੀ ਜੀਉ ਜੀਉ ਕਰਿ ਬੋਲਣ ਵਾਲੇ ਖ਼ੁਸ਼ਾਮਦੀਆਂ ਨੇ ਕਿਸੇ ਕੰਮ ਆਉਣਾ ਹੈ। ਰਸਾਤਲ-ਗ੍ਰਸਿਆਂ ਨੂੰ ਕਿਸੇ ਨੇ ਨਹੀਂ ਛੁਡਾਉਣਾ। ਛੁਡਾਉਣਹਾਰਾ ਇਕ ਪਾਰਬ੍ਰਹਮ ਦਾ ਨਾਉਂ ਹੀ ਹੈ, ਸੋ ਕਦੇ ਚਿਤਿ ਨਹੀਂ ਆਇਆ। ਹੁਣ ਕੌਣ ਛੁਡਾਵੇ ਜਦੋਂ ਸਿਰ ਤੇ ਆ ਬਣਨਗੀਆਂ? ਆ ਬਣਨਗੀਆਂ ਜ਼ਰੂਰ, ਇਹ ਰਸਾਤਲੀ ਸਜ਼ਾਵਾਂ ਜ਼ਰੂਰ ਭੁਗਤਣੀਆਂ ਬਣਨਗੀਆਂ।

ਅਜਿਹੇ ਉਪਰਲੇ ਗੁਰਵਾਕ ਪੜ੍ਹ ਸੁਣ ਕੇ ਕੁਛ ਭੀ ਗੁਮੇਹ ਨਾ ਕਰਨ ਵਾਲਿਆਂ ਦਾ ਇਹੋ ਹਾਲ ਹੋਊ। ਇਸ ਦਿਸਦੀ ਦੁਨੀਆ ਦੀਆਂ ਮਿੱਠੀਆਂ ਐਸ਼-ਇਸ਼ਰਤੀ ਲੋਰੀਆਂ ਦੇ ਭਰਮ-ਭੁਲਾਵਿਆਂ ਵਿਚ ਨਿਘਰਤ ਹੋਇਆਂ ਦੀ ਏਥੇ ਤਾਂ ਅੱਖ ਨਹੀਂ ਉਘੜੀ ਅਤੇ ਅਗਲੀ ਗੱਲ ਨਹੀਂ ਸੁਝੀ, ਪਰ ਓਦੋਂ ਹੀ ਕੰਨ ਖੁਲ੍ਹਣਗੇ, ਜਦ ਸਿਰ ਤੇ ਆ ਬਣੂ। ਫੇਰ ਕੀ ਬਣਨਾ ਹੈ? ਅਉਸਰ ਖੁੰਝਿਆਂ ਲੱਖ ਚੁਰਾਸੀ ਜੂਨਾਂ ਦੇ ਫੇਰ ਵਿਚ ਪਇਆਂ ਖ਼ਬਰੇ ਕਦੋਂ ਮਨੁਖਾ ਜਨਮ ਮਿਲਣਾ ਹੈ? ਜੰਮਣ ਮਰਣਾ ਕਦੇ ਮੁਕਣਾ ਹੀ ਨਹੀਂ, ਜੈਸਾ ਕਿ ਅਗਲਾ ਗੁਰਵਾਕ ਦੱਸਦਾ ਹੈ। ਯਥਾ—



www.AKJ.Org

ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ..॥੧॥ (੧੪)

ਸਿਰੀਰਾਗ ਕੀ ਵਾਰ, ਸਲੋਕ ਮ: ੩, ਪੰਨਾ ੮੮

ਭਾਵ—ਜਿਨ੍ਹਾਂ ਨੇ ਮਨੁੱਖਾ-ਜਨਮ ਪਾਇਕੇ ਸਤਿਗੁਰੂ ਦੀ ਦੀਖਿਆ ਨਹੀਂ ਲਈ, ਗੁਰਸਿਖੀ ਧਾਰਨ ਨਹੀਂ ਕੀਤੀ, ਸ਼ਬਦ-ਕਮਾਈ ਰੂਪੀ ਸੇਵਾ ਭਗਤੀ ਵਾਲੀ ਸੁਮੱਤ ਨਹੀਂ ਲੀਤੀ, ਉਹ ਸਾਰੀ ਉਮਰ ਅਗਿਆਨੀ ਅੰਧਲੇ ਹੀ ਰਹੇ। ਤਿਨ੍ਹਾਂ ਦੀ ਸਾਰੀ ਅਵਰਦਾਂ ਅਗਿਆਨ ਵਿਚ ਹੀ ਵਿਹਾਈ। ਕਿਉਂਕਿ ਨਾਮ ਅਭਿਆਸ ਕਮਾਈ ਮਈ ਸ਼ਬਦ-ਰਸ ਵੀਚਾਰ ਬਾਝੋਂ ਅੰਤਰ ਆਤਮੇ ਗਿਆਨ (ਸੱਚਾ ਗੁਰਮਤਿ ਗਿਆਨ) ਨਹੀਂ ਉਪਜਦਾ। ਬਸ ਇਸ ਗਿਆਨ, ਸੱਚੜੇ ਗੁਰਮਤਿ ਗਿਆਨ ਬਾਝੋਂ ਸਾਰਾ ਸੰਸਾਰ ਮਿਰਤਕ ਹੀ ਹੈ, ਐਵੇਂ ਮੁਰਦਾ ਲੋਥ ਹੀ ਹੈ। ਤਾਂ ਤੇ ਗੁਰ-ਗਿਆਨ ਵਿਹੂਣੇ ਨਿਗੁਰੇ ਮਿਰਤਕ ਸੰਸਾਰ ਨੂੰ ਚਉਰਾਸੀਹ ਲੱਖ ਜੂਨਾਂ ਦੇ ਫੇਰ ਵਿਚ ਅਵੱਸ਼ ਫਸਣਾ ਪਵੇਗਾ। ਮੁੜ ਮੁੜ ਮਰ ਮਰ ਜੰਮ ਜੰਮ ਕੇ ਖੁਆਰ ਹੋਣਾ ਪਊ। ਜੁਤਾਂ ਬੱਧੀ ਖੁਆਰ ਹੋਣਾ ਪਊ। ਪਰ ਜੁਆਨੀ, ਜੋਬਨ ਦੀਆਂ ਅਹੰਮੇਵ-ਮਤੀਆਂ ਭਰ ਲਹਿਰਾਂ ਵਿਚ ਅਗਲੀ ਗੱਲ ਸੁਝਦੀ ਨਹੀਂ ਕਿ ਅਗੇ ਜਾ ਕੇ ਆਪਣੀਆਂ ਕੀਤੀਆਂ ਕਰਤੂਤਾਂ ਦਾ ਦੇਣੀਆ ਭੀ ਦੇਣਾ ਪਊ। ਪਰ ਦੇਣਾ ਜ਼ਰੂਰ ਪਊ, ਜੈਸਾ ਕਿ ਅਗਲਾ ਗੁਰਵਾਕ ਕੰਨ ਖੋਲ੍ਹਦਾ ਹੈ :—

ਧਰਮਰਾਇ ਜਬ ਪਕਰਸਿ ਬਵਰੇ ਤਬ ਕਿਆ ਜਬਾਬੁ ਕਰੇਇ ॥
ਕਹੁ ਨਾਨਕ ਦੂਜੈ ਪਹਰੈ ਪ੍ਰਾਣੀ ਭਰਿ ਜੋਬਨੁ ਲਹਰੀ ਦੇਇ ॥੨॥ (੫॥੧॥੪)

ਸਿਰੀਰਾਗੁ ਮਹਲਾ ੫, ਪੰਨਾ ੭੭

.....ਤਿਸਨਾ ਅਗਨਿ ਜਲੈ ਸੰਸਾਰਾ ॥ ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥
ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ ॥੩॥
ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥ ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥
ਫਿਰਿ ਓਹੁ ਮਰੈ ਨ ਮਰਣਾ ਹੋਵੈ ਸਹਜੇ ਸਚਿ ਸਮਾਵਣਿਆ ॥੪॥ (੮॥੧੮॥੧੯)

ਮਾਝ ਮਹਲਾ ੩, ਪੰਨਾ ੧੨੦

ਵਿਆਖਿਆ—ਸਾਰਾ ਸੰਸਾਰ ਤ੍ਰਿਸ਼ਨਾ ਦੀ ਅਗਨੀ ਵਿਚ ਪਿਆ ਜਲਦਾ, ਸੜਦਾ ਬਲਦਾ ਹੈ। ਬਹੁਤਾ ਹੀ ਲੋਭ ਅਭਿਮਾਨ ਅਹੰਕਾਰ ਸਾਰੇ ਸੰਸਾਰ ਨੂੰ ਵਿਆਪਿਆ ਹੋਇਆ ਹੈ, ਜਿਸ ਕਰਕੇ ਪਰਮਾਰਥ ਵਲ ਸੰਸਾਰ ਦੀ ਰੁਚੀ ਨਹੀਂ, ਨਾਮ ਜਪਣ ਵਲੋਂ ਉੱਕਾ ਹੀ ਅਰੁਚੀ ਹੈ। ਸਿੱਟਾ ਇਹੀ ਨਿਕਲਦਾ ਹੈ ਕਿ ਮੁੜਿ ਮੁੜਿ ਫੇਰ ਜੰਮਦਾ ਮਰਦਾ ਅਤੇ ਮਰਦਾ ਜੰਮਦਾ ਹੈ, ਆਪਣੀ ਪਤ-ਪਰਤੀਤ ਸਗੋਂ ਉੱਕਾ ਹੀ ਗਵਾ ਬੈਠਦਾ ਹੈ। ਸਾਰਾ ਮਨੁੱਖਾ-ਜਨਮ ਹੀ ਸਮੁਚੇ ਸੰਸਾਰ ਦਾ ਬਿਰਥਾ ਹੀ ਜਾਂਦਾ ਹੈ।

ਗੁਰੂ ਦਾ ਸ਼ਬਦ-ਗੁਰਮੰਤ੍ਰ ਬੁਝਣਹਾਰ੍ਹਾ ਕੋਈ ਵਿਰਲਾ ਹੀ ਹੁੰਦਾ ਹੈ। ਜਿਸ ਗੁਰਮੁਖ ਨੇ ਬੁੱਝ ਲਿਆ, ਉਸ ਨੂੰ ਸ਼ਬਦ-ਕਮਾਈ ਕਰਿ ਤ੍ਰਿਭਵਣ ਦੀ ਸੋਝੀ ਆ ਗਈ, ਕਿਉਂਕਿ ਅਭਿਆਸ ਕਮਾਈਆਂ ਦੇ ਪਰਤਾਪ ਕਰਿ ਉਸ ਦਾ ਆਪਾ ਮਰ ਗਿਆ। ਸਾਰੇ ਆਪੇ ਦੇ ਹੀ ਸਿਆਪੇ ਹਨ। ਆਪੇ ਦੇ ਸਿਆਪੇ ਕਰਿ ਤ੍ਰਿਸ਼ਨਾ-ਅਗਨ ਦੇ ਜਲਨ ਜਲਾਪੇ ਹਨ। ਆਪੇ ਦੇ ਸਿਆਪੇ ਕਰਿ ਹੀ ਲੋਭ ਮੋਹ ਅਭਿਮਾਨ ਦੇ ਲਹਿਰ ਵਿਆਪੇ ਹਨ। ਜਿਸ ਨੇ ਇਹ ਆਪਾ ਮਾਰ ਲਿਆ, ਗੁਰ-ਸ਼ਬਦ ਕਮਾਈ ਕਰਿ ਜਿਸ ਨੇ ਇਹ ਆਪ ਸੰਵਾਰ ਲਿਆ, ਤਿਸ ਨੂੰ, ਬਸ ਤਿਸੇ ਨੂੰ ਹੀ ਤ੍ਰਿਭਵਣ ਦੀ ਸੋਝੀ ਹੋਇ ਆਈ। ਸਹਿਜ ਸੱਚ ਵਿਚਿ ਹੀ ਉਸ ਦੀ ਸਮਾਈ ਹੋ ਗਈ। ਉਹ ਫੇਰ ਨਾ ਮਰਦਾ ਹੈ ਨਾ ਉਸ ਦਾ ਮਰਨ ਹੁੰਦਾ ਹੈ। ਇਉਂ ਆਵਾਗਵਣ ਉਸਦਾ ਮਿਟ ਜਾਂਦਾ ਹੈ। ਪਰ ਸ਼ਬਦ-ਬਿਮੁਖਾਂ ਦੇ ਸਿਰ ਤੇ ਇਹ ਆਵਾਗਉਣ ਦਾ ਭੂਤ ਸਵਾਰ ਹੀ ਰਹਿੰਦਾ ਹੈ। ਭਾਵੇਂ ਕੋਈ ਕਿਤਨਾ ਹੀ ਸ਼ਾਸਤ੍ਰ-ਬੇਤਾ ਪੜ੍ਹਿਆ ਪੰਡਿਤ ਹੋਵੇ। ਦੂਜੇ ਭਾਇ ਦੀਆਂ ਪੜ੍ਹਾਈਆਂ ਪੰਡਤਾਈਆਂ ਇਹ ਆਵਾਗਵਣੀ ਚੱਕਰ ਨਹੀਂ ਮਿਟਾ ਸਕਦੀਆਂ। ਸਗੋਂ ਜਿਤਨੀਆਂ ਭੀ ਹੋਰ ਭਾਇ ਦੀਆਂ ਚੰਚਲ ਚਤਰਾਈਆਂ


www.AKJ.Org

ਸ਼ਾਸਤ੍ਰ ਪੜ੍ਹਾਈਆਂ ਹਨ, ਹੋਰ ਦਸੂਣੀ ਜੂਨੀਆਂ ਆਵਾਗਵਣੀ ਜੰਜਾਲ ਵਿਚ ਪਾਉਂਦੀਆਂ ਹਨ। ਯਥਾ ਗੁਰਵਾਕ–

ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖੁ ਪਾਵਹਿ ॥
ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥

ਮਾਝ ਮਹਲਾ ੩, ਪੰਨਾ ੧੨੭-੨੮

ਜੋ ਹੰਕਾਰੀ ਪੁਰਸ਼ ਕਿਸੇ ਨੂੰ ਨਹੀਂ ਬਿਦਦਾ, ਉਹਨੂੰ ਅਗੇ ਜਾ ਕੇ ਧਰਮਰਾਇ ਦੇ ਹੱਥੋਂ ਖੁਆਰੀ ਵਿਚ ਪੈਣਾ ਪੈਂਦਾ ਹੈ। ਯਥਾ ਗੁਰਵਾਕ–

ਕਿਸੈ ਨ ਬਦੈ ਆਪਿ ਅਹੰਕਾਰੀ ॥ ਧਰਮਰਾਇ ਤਿਸੁ ਕਰੇ ਖੁਆਰੀ...॥੨॥

ਗਉੜੀ ਸੁਖਮਨੀ ਮ: ੫, ਪੰਨਾ ੨੭੮

ਜਬ ਲਗੁ ਮੋਹ ਮਗਨ ਸੰਗਿ ਮਾਇ ॥ ਤਬ ਲਗੁ ਧਰਮਰਾਇ ਦੇਇ ਸਜਾਇ...॥੪॥

ਸੁਖਮਨੀ, ਪੰਨਾ ੨੭੮

ਸਾਫ਼ ਜ਼ਾਹਰ ਹੈ ਕਿ ਮਾਇਆ ਦੇ ਮੋਹ ਵਿਚ ਮੱਤਿਆਂ ਮਗਨੱਤਿਆਂ ਨੂੰ ਅਗੇ ਚੱਲ ਕੇ ਧਰਮਰਾਇ ਦੀ ਸਜ਼ਾਇ ਜ਼ਰੂਰ ਭੁਗਤਣੀ ਪਏਗੀ। ਧਰਮਰਾਇ ਬਣਾਇਆ ਹੀ ਏਸ ਖ਼ਾਤਰ ਹੈ : ਸੱਚਾ ਨਿਆਉਂ ਵਿਚਾਰਨ ਨੂੰ, ਪਾਪੀਆਂ ਨੂੰ ਸਜ਼ਾਵਾਂ ਦੇਣ ਨੂੰ, ਅਤੇ ਧਰਮੀਆਂ ਨੂੰ ਬਰੀ ਕਰਨ ਨੂੰ। ਧਰਮੀਆਂ ਕਰਮੀਆਂ ਦੇ ਨਿਆਉਂ ਨਿਬੇੜੇ ਜ਼ਰੂਰ ਹੁੰਦੇ ਹਨ। ਨਾਮ ਜਪਣਹਾਰਿਆਂ ਦੇ ਹਿਸਾਬ-ਲੇਖੇ ਏਥੇ ਹੀ ਮੁੱਕ ਜਾਂਦੇ ਹਨ। ਤਿਨ੍ਹਾਂ ਦੇ ਨੇੜੇ ਧਰਮਰਾਇ ਨਹੀਂ ਆਉਂਦਾ। ਨਾ ਹੀ ਲੇਖਾ ਮੰਗਦਾ ਹੈ। ਨਾ ਹੀ ਚਿਤਰ ਗੁਪਤ ਲੇਖਾ ਮੰਗਦੇ ਹਨ। ਯਥਾ ਗੁਰਵਾਕ–

ਜਹ ਲਾਲਚ ਜਾਗਾਤੀ ਘਾਟ ॥ ਦੂਰਿ ਰਹੀ ਉਹ ਜਨ ਤੇ ਬਾਟ ॥੨॥
ਜਹ ਆਵਟੇ ਬਹੁਤ ਘਨ ਸਾਥ ॥ ਪਾਰਬ੍ਰਹਮ ਕੇ ਸੰਗੀ ਸਾਧ ॥੩॥
ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥ ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥੪॥ (੫॥੪੦॥੯੧)

ਆਸਾ ਮ: ੫, ਪੰਨਾ ੩੯੩

ਭਾਵ–ਅਗੇ ਜਾ ਕੇ ਜਿਥੇ ਲੋਭ ਦਾ ਮਸੂਲੀ ਪੱਤਣ ਹੈ, ਉਹ ਰਸਤਾ ਭਗਤਾਂ ਤੋਂ ਦੂਰ ਲਾਂਭੇ ਹੀ ਰਹਿ ਜਾਂਦਾ ਹੈ। ਜਿਥੇ ਬਹੁਤ ਸਾਰੇ ਕਾਫ਼ਲੇ ਪੀੜੇ ਤਪਾਏ ਜਾਂਦੇ ਹਨ, ਓਥੇ ਸਾਧ ਲੋਕਾਂ ਨੂੰ ਕੋਈ ਤੌਖਲਾ ਨਹੀਂ ਹੁੰਦਾ, ਕਿਉਂਕਿ ਉਹ ਤਾਂ ਪਾਰਬ੍ਰਹਮ ਦੇ ਦੇਸ ਦੇ ਵਾਸੀ ਹੁੰਦੇ ਹਨ। ਵਾਹਿਗੁਰੂ ਉਹਨਾਂ ਦੇ ਅੰਗ ਸੰਗ ਹੁੰਦਾ ਹੈ, ਉਹ ਵਾਹਿਗੁਰੂ ਦੇ ਅੰਗ ਸੰਗ ਰਹਿੰਦੇ ਹਨ। ਹੋਰਨਾਂ ਸਾਰਿਆਂ ਭਗਤਿ-ਹੀਣਿਆਂ ਦੇ ਲੇਖੇ ਚਿਤਰ ਗੁਪਤ ਲਿਖਦੇ ਹਨ, ਪਰ ਭਗਤ ਜਨਾਂ ਵਲ ਇਹ ਚਿਤਰ ਗੁਪਤ ਅੱਖ ਭਰ ਕੇ ਭੀ ਨਹੀਂ ਝਾਕ ਸਕਦੇ।

ਇਸ ਗੁਰਵਾਕ ਤੋਂ ਸਿਧ ਹੋਇਆ ਕਿ ਪਰਲੋਕ ਦੀ ਅਣਡਿਠੀ ਰਚਨਾ ਵਿਖੇ ਜਮ ਜਾਗਾਤੀਆਂ ਦੇ ਪੱਤਣ ਘਾਟ ਭੀ ਬਣੇ ਹੋਏ ਹਨ। ਚਿਤਰ ਗੁਪਤ (ਧਰਮਰਾਇ ਦੇ ਮੁਨਸ਼ੀਆਂ) ਦੇ ਮਹਿਕਮੇ ਅਲੱਗ ਹਨ। ਦਫ਼ਤਰਾਂ ਦੇ ਦਫ਼ਤਰ ਉਥੇ ਖੁਲ੍ਹੇ ਹੋਏ ਹਨ। ਇਥੇ ਪਾਪੀ ਪੁਰਸ਼ਾਂ ਦੇ ਟੋਲਿਆਂ ਦੀਆਂ ਕਤਾਰਾਂ ਪੁਰਸਲਾਤ ਤੋਂ ਲੰਘਦੀਆਂ ਹਨ, ਖੰਨਿਓਂ ਤਿਖੇ ਵਾਲਹੁ ਨਿਕੇ ਥਾਉਂ ਅੱਡਰੇ ਬਣੇ ਹੋਏ ਹਨ। ਅਜਿਹੇ ਥਾਉਂ ਮੌਤ ਦੇ ਘਾਟ ਲੰਘ ਕੇ ਮੁੜ ਕੇ ਦੇਖ ਕੇ ਕਈ ਪ੍ਰਾਣੀ ਆਏ ਹਨ। ਇਕ ਨਹੀਂ, ਅਨੇਕਾਂ ਦੀਆਂ ਮਿਸਾਲਾਂ ਮਉਜੂਦ ਹਨ।

ਪਹਿਲੀ ਪਲੇਗ ਜਦੋਂ ਪੰਜਾਬ ਆਈ ਹੈ, ਉਦੋਂ ਪਲੇਗ ਡੀਊਟੀ ਤੇ ਮੈਂ ਨਾਇਬ ਤਹਿਸੀਲਦਾਰ ਲਗਾ ਹੋਇਆ ਸੀ। ਅਜਿਹੇ ਕਈ ਕੇਸ ਉਦੋਂ ਦੇਖੇ ਕਿ ਉਹ ਮਰ ਕੇ ਫੇਰ ਜੀਉਂਦੇ ਹੋ ਗਏ ਅਤੇ ਉਹਨਾਂ ਦੇ ਮੁੜ ਜੀਉ ਉਠਣ ਸਾਰ ਉਹਨਾਂ ਦੇ ਨਾਮਾਂ ਦੇ ਹੋਰ ਆਦਮੀ ਉਸੇ ਘੜੀ ਹੀ ਮਰ ਗਏ। ਉਹਨਾਂ ਤੋਂ ਜ਼ਬਾਨੀ ਇਹ ਗੱਲਾਂ ਸੁਣੀਆਂ। ਜਿਥੇ ਜਿਥੇ ਉਹਨਾਂ ਨੂੰ ਅਗਲੀ ਅਣਡਿਠੀ ਦੁਨੀਆ ਵਿਚ ਫੜਨਹਾਰੇ ਫੜ ਕੇ ਲੈ ਜਾਂਦੇ ਰਹੇ ਅਤੇ ਮੁੜ ਕੇ ਫੇਰ ਵਾਪਸ ਲਿਆਉਂਦੇ ਰਹੇ, ਉਹਨਾਂ ਨੇ ਧਰਮਰਾਇ ਅਤੇ ਧਰਮਰਾਇ ਦੇ ਦਫ਼ਤਰ ਤੇ ਦਫ਼ਤਰੀ ਚਿਤਰ ਗੁਪਤ ਭੀ ਦੇਖੇ, ਲੇਖੇ ਦੀਆਂ ਵਹੀਆਂ ਭੀ ਦੇਖੀਆਂ। ਕੰਬਦਿਆਂ ਕੰਬਦਿਆਂ ਨੇ ਸਾਰੇ ਭਿਅੰਕਰ ਦ੍ਰਿਸ਼ ਦਸੇ, ਜੋ ਉਹਨਾਂ ਨੇ ਦੇਖੇ। ਕਈ


www.AKJ.Org

ਸੰਤ ਜਨਾਂ ਗੁਰਮੁਖ ਫ਼ਕੀਰ ਲੋਕਾਂ ਨੇ ਭੀ ਇਹ ਭਿਆਨਕ ਦ੍ਰਿਸ਼ ਦੇਖੇ ਇਸ ਲੋਕ ਵਿਚ ਬੈਠਿਆਂ ਨੇ । ਜੀਉਂਦੇ ਜਾਗਦਿਆਂ ਨੇ ਹੀ ਇਹ ਝਾਕੀਆਂ ਅਣਡਿਠੀ ਦੁਨੀਆ ਦੀਆਂ ਦੇਖੀਆਂ, ਜੋ ਐਨ ਉਪਰ ਦਸੇ ਗੁਰਵਾਕਾਂ ਦੇ ਭਾਵ ਨਾਲ ਢੁਕਦੀਆਂ ਹਨ।

੧੯੦੩ ਵਿਚ ਸਾਡੇ ਸਾਹਮਣੇ ਹੀ ਸਾਡੇ ਪਿੰਡ ਦੀ ਇਕ ਜੀਊਣੀ ਨਾਮੇ ਜ਼ਿਮੀਦਾਰਨੀ ਪਲੇਗ ਨਾਲ ਮਰ ਗਈ। ਉਸ ਨੂੰ ਮਰੀ ਹੋਈ ਨੂੰ ਸਿੜ੍ਹੀ ਤੇ ਪਾ ਕੇ ਮੜ੍ਹੀਆਂ (ਮਸਾਣ ਭੂਮੀ) ਵਿਚ ਲੈ ਗਏ, ਜਿਥੇ ਜਾ ਕੇ ਉਹ ਫੂਕੇ ਜਾਣ ਤੋਂ ਪਹਿਲਾਂ ਹੀ ਅਚਾਨਕ ਜੀਉਂਦੀ ਹੋ ਗਈ ਅਤੇ ਉਠ ਬੈਠੀ । ਉਠਦੀ ਨੇ ਹੀ ਦਸਿਆ ਕਿ ਮੇਰੇ ਥਾਉਂ ਜੀਊਣੀ ਸੈਂਸਣ ਨੂੰ ਲੈ ਜਾਣਾ ਸੀ। ਮੈਨੂੰ ਗਲਤੀ ਨਾਲ ਲੈ ਗਏ ਸਨ। ਲੈ ਜਾਣ ਵਾਲੇ ਜਮਦੂਤ ਜਿਵੇਂ ਉਸ ਨੇ ਦੇਖੇ ਤਿਵੇਂ ਦਸੇ। ਧਰਮਰਾਇ ਅਤੇ ਚਿਤਰਗੁਪਤ ਦਾ ਭਿਆਨਕ ਨਜ਼ਾਰਾ ਉਸ ਨੇ ਆਪਣੀ ਜ਼ਬਾਨੀ ਦਸਿਆ। ਐਨ ਉਸੇ ਛਿਨ ਵਿਖੇ ਜਦੋਂ ਉਹ ਜੀਉਂਦੀ ਹੋਈ, ਓਦੋਂ ਹੀ ਜੀਊਣੀ ਸੈਂਸਣ ਮਰ ਗਈ । ਇਹੋ ਜਿਹੀਆਂ ਹੋਰ ਕਈ ਉਦਾਹਰਨਾਂ ਹਨ। ਇਕੜ ਦੁਕੜ ਨਹੀਂ, ਦਹਿ ਦਹੱਕੜ ਹਨ।......

ਨਾਮ ਬਿਨਾਂ, ਨਾਮ ਦੀ ਕ੍ਰਿਸ਼ਮ-ਕਲਾ ਵਰਤੇ ਬਿਨਾਂ ਸਾਰਾ ਸੰਸਾਰ ਹੀ ਦੁਬਿਧਾ-ਗ੍ਰਸਤ ਰੋਗੀ ਹੈ, ਦੁਬਿਧਾ-ਬਾਧਾ ਹੀ ਆਉਂਦਾ ਜਾਂਦਾ ਹੈ। ਉਸ ਨਰ ਦੀ ਦੁਬਿਧਾ ਤਾਂ ਕਦੇ ਮਿਟਦੀ ਹੀ ਨਹੀਂ, ਜਿਸ ਨੂੰ ਸਤਿਗੁਰਾਂ ਦੇ ਵਾਕਾਂ ਉਤੇ ਪਰਤੀਤ ਨਹੀਂ ਆਉਂਦੀ। ਉਸ ਨੂੰ ਹੋਰ ਥਾਉਂ ਕਿਹੜਾ ਮਿਲਸੀ, ਦੁਬਿਧਾ ਮਿਟਾਉਣ ਦਾ । ਬੱਸ ਧਰਮਰਾਇ ਦੇ ਵਸ ਹੀ ਪੈਣਗੇ। ਧਰਮਰਾਇ ਦੇ ਦੇਸ (Region) ਸਮਸਰ ਹੀ ਪਰਲੋਕ ਵਿਖੇ ਬ੍ਰਹਮ ਲੋਕ, ਰੁਦ੍ਰ ਲੋਕ ਆਦਿਕ ਤਬਕੇ ਭੀ ਹਨ। ਯਥਾ ਗੁਰਵਾਕ–

ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ ॥
ਸਾਧ ਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ ॥੧॥
ਅਬ ਮੋਹਿ ਆਇ ਪਰਿਓ ਸਰਨਾਇ ॥
ਗੁਹਜ ਪਾਵਕੋ ਬਹੁਤੁ ਪ੍ਰਜਾਰੈ ਮੋਕਉ ਸਤਿਗੁਰਿ ਦੀਓ ਹੈ ਬਤਾਇ ॥੧॥ਰਹਾਉ॥
ਸਿਧ ਸਾਧਿਕ ਅਰ ਜਖ੍ ਕਿੰਨਰ ਨਰ ਰਹੀ ਕੰਠਿ ਉਰਝਾਇ ॥
ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ ਜਾ ਕੈ ਕੋਟਿ ਐਸੀ ਦਾਸਾਇ ॥੨॥ (੨॥੧੩॥੨੧)
ਗੂਜਰੀ ਮ: ੫, ਪੰਨਾ ੫੦੦

ਇਸ ਗੁਰਵਾਕ ਤੋਂ ਇਹ ਸਿੱਧ ਹੁੰਦਾ ਹੈ ਕਿ ਬ੍ਰਹਮਾ, ਮਹਾਦੇਉ, ਇੰਦਰ ਆਦਿਕ ਦੇਵਤਿਆਂ ਦੇ ਮੰਡਲ ਅਣਦਿਸਦੀ ਰਚਨਾ ਵਿਚ ਵੱਖੋ-ਵੱਖ ਬਣੇ ਹੋਏ ਹਨ । ਇਹ ਮਾਇਆ ਏਹਨਾਂ ਬ੍ਰਹਮਾ, ਰੁਦ੍ਰ (ਸ਼ਿਵਜੀ), ਇੰਦਰ ਆਦਿਕ ਦੇਵਤਿਆਂ ਦੇ ਮੰਡਲਾਂ ਤੇ ਤਾਂ ਹਾਵੀ ਹੋ ਜਾਂਦੀ ਹੈ, ਏਹਨਾਂ ਮੰਡਲਾਂ ਨੂੰ ਸਰ ਕਰ ਕੇ ਜਦੋਂ ਏਧਰ ਧਾਈ ਕਰਿ ਆਈ ਤਾਂ ਸਾਧ-ਸੰਗਤਿ ਵਲ ਮਾੜੀ ਨਿਗਾਹ ਨਾਲ ਤੱਕ ਭੀ ਨਾ ਸਕੀ, ਸਗੋਂ ਸਾਧ ਸੰਗਤਿ ਦੇ ਚਰਨ ਮਲ ਮਲ ਧੋਂਦੀ ਹੈ ; ਵਾਹਿਗੁਰੂ ਅਤੇ ਗੁਰ-ਸਰਨਾਈ ਆਇਆਂ ਨੂੰ ਜੋਹਿ ਨਹੀਂ ਸਕਦੀ। ਇਸ ਦੇ ਮੁੱਠੇ-ਗਰੁੱਠੇ ਹੋਇਆਂ ਨੂੰ ਹੀ ਅਗੇ ਜਾ ਕੇ ਧਰਮਰਾਇ ਅਤੇ ਉਸ ਦੇ ਦੂਤਾਂ ਦਾ ਜ਼ੋਰ-ਧਿਙਾਣਾ ਹੁੰਦਾ ਹੈ । ਇਹ ਮਾਇਆ-ਮਈ ਗੁਝੀ ਅਗਨੀ ਬਹੁਤਿਆਂ ਨੂੰ ਸਾੜ ਕੇ ਦਗਧ ਕਰ ਦੇਂਦੀ ਹੈ। ਐਸੀ ਗੁਹਜ ਖ਼ਬਰ ਸਤਿਗੁਰੂ ਨੂੰ ਹੋਈ ਹੈ। ਸਿੱਧਾਂ, ਸਾਧਕਾਂ ਅਤੇ ਕਰਾਮਾਤੀਆਂ, ਜਖਾਂ, ਕਿੰਨਰਾਂ, ਨਰਾਂ ਮਨੁੱਖਾਂ ਸਾਰਿਆਂ ਦੇ ਗਲ ਆ ਚਿੰਮੜਦੀ ਹੈ। ਪਰੰਤੂ ਸਤਿਗੁਰੂ ਜਿਨ੍ਹਾਂ ਨੂੰ ਅੰਗੀਕਾਰ ਕਰਦਾ ਹੈ, ਤਿਨ੍ਹਾਂ ਦੇ ਲਵੇ ਨਹੀਂ ਲੱਗ ਸਕਦੀ, ਕਿਉਂਕਿ ਕਰਤੇ ਪੁਰਖ ਦੇ ਘਰ ਅਜਿਹੀਆਂ ਮਾਇਆ ਲਛਮੀਆਂ ਵਰਗੀਆਂ ਕ੍ਰੋੜਾਂ ਹੀ ਗੋੱਲੀਆਂ ਪਾਣੀ ਭਰਦੀਆਂ ਅਤੇ ਵਾਹਿਗੁਰੂ ਦੇ ਜਨਾਂ ਦੀਆਂ ਦਾਸੀਆਂ ਬਣ ਕੇ ਕਰਮ ਕਮਾਉਂਦੀਆਂ ਹਨ।

ਭਗਤ ਜਨਾਂ ਦੀ ਤਾਂ ਮਾਇਆ ਦਾਸੀ ਹੈ, ਤਿਨ੍ਹਾਂ ਅਗੇ ਕਾਰ ਕਮਾਵੰਦੀ ਹੈ। ਪਰ ਭਗਤ ਜਨ ਇਸ ਤੋਂ ਅਲੇਪ ਰਹਿੰਦੇ ਹਨ। ਕੋਈ ਲੇਪ ਛੇਪ ਤਿਨ੍ਹਾਂ ਨੂੰ ਇਸ ਨਾਗਨੀ ਦਾ ਲੱਗਣਾ ਹੀ ਨਹੀਂ ਪਾਉਂਦਾ। ਮਨਮੁਖਾਂ ਸੰਸਾਰੀਆਂ ਉਤੇ


www.AKJ.Org

ਅਨਿਕ ਰੂਪ ਧਾਰ ਧਾਰ ਕੇ ਆਪਣਾ ਅਸਰ ਐਸਾ ਪਾਉਂਦੀ ਹੈ ਕਿ ਉਹਨਾਂ ਨੂੰ ਆਪਣੇ ਦਾਸ ਹੀ ਬਣਾ ਲੈਂਦੀ ਹੈ। ਸਾਰੀ ਉਮਰ ਮਨਮੁਖ ਇਸੇ ਦੇ ਦਾਸ ਬਣੇ ਰਹਿੰਦੇ ਹਨ। ਇਸ ਨਾਗਨੀ ਦੇ ਜਿਸ ਸਰੂਪ ਦਾ ਸਾਰੀ ਉਮਰ ਪ੍ਰਬਲ ਪ੍ਰਭਾਵ ਜਿਸ ਜਿਸ ਸੰਸਾਰੀ ਦੀ ਚਿਤ-ਬਿਰਤੀ ਤੇ ਹਾਵੀ ਰਹਿੰਦਾ ਹੈ, ਓਹੀ ਅੰਤੀ ਅਉਸਰ ਪ੍ਰਾਣੀ ਤੇ ਭਾਰੂ ਰਹਿੰਦਾ ਹੈ ਤੇ ਓਹੋ ਜਿਹੀ ਚਿੰਤਾ ਅੰਦਰ ਉਹ ਮਰਦਾ ਹੈ। ਉਸੇ ਅਨੁਸਾਰ ਉਸ ਨੂੰ ਆਵਾਗਵਣੀ ਜਨਮ ਮਿਲਦਾ ਹੈ ਤੇ ਉਹ, ਜੂਨੀਆਂ ਵਿਚ ਪੈਂਦਾ ਰਹਿੰਦਾ ਹੈ।......

ਕਿਰਤ ਕਮਾਣੇ ਦੁਖ ਸਹੁ ਪਰਾਣੀ ਅਨਿਕ ਜੋਨਿ ਭ੍ਰਮਾਇਆ ॥
ਮਹਾ ਮੋਹਨੀ ਸੰਗਿ ਰਾਤਾ ਰਤਨ ਜਨਮੁ ਗਵਾਇਆ ॥...੨॥ (੫॥੪॥੭)

[ਬਿਹਾਗੜਾ ਮ: ੫ ਛੰਤ, ਪੰਨਾ ੫੪੬

......(ਪ੍ਰਾਣੀ ਨੇ) ਮਨੁੱਖਾ ਜਨਮ ਜੈਸਾ ਰਤਨ-ਜਨਮ ਪਾ ਕੇ ਐਵੇਂ ਅਜਾਈਂ ਹੀ ਗੰਵਾਇਆ, ਮਹਾਂ ਮੋਹਨੀ ਮਾਇਆ ਛਲਣੀ ਦੇ ਰਸਾਂ ਕਸਾਂ ਵਿਚ ਰਚ ਪਚ ਕੇ ਹੀ ਗਵਾ ਲਿਆ, ਹੋਰਨਾਂ ਬੰਦਿਆਂ ਵਿਚ ਹੀ ਖੱਚਤ ਹੋਇਆ ਰਹਿਆ। ਵਾਹਿਗੁਰੂ ਦੇ ਨਾਮ ਵਲ ਰੁਚੀ ਹੀ ਨਾ ਕੀਤੀ। ਸਹਸ ਸਿਆਣਪਾਂ ਵਿਚ ਖੱਪਤ ਹੋਇਆ ਰਿਹਾ।

ਇਕ ਵਾਹਿਗੁਰੂ ਦੇ ਨਾਮ ਬਾਝਹੁ ਹੋਰ ਸਿਆਣਪਾਂ ਵਾਲੇ ਕਾਜ ਕਿਸੇ ਕੰਮ ਨਹੀਂ ਆਉਂਦੇ। ਸਭਨਾਂ ਦਾ ਲੇਖਾ ਹਿਸਾਬ ਅਗੇ ਜਾ ਕੇ ਮੰਗਿਆ ਜਾਂਦਾ ਹੈ। ਜਿਹੜੇ ਭਰਮ ਮੋਹ ਦੇ ਭਰਮਾਏ ਰਹੇ, ਉਹ ਨਾਮ ਵਲੋਂ ਵੰਞਾਏ ਹੀ ਰਹੇ। ਉਨ੍ਹਾਂ ਦਾ ਅਗੇ ਜਾ ਕੇ ਇਹ ਹਾਲ ਹੋਣਾ ਹੀ ਹੈ। ਕਰਤਾਰ ਵਾਹਿਗੁਰੂ ਦਾ ਨਾਮ ਵਿਸਾਰਨਹਾਰੇ ਅਕ੍ਰਿਤਘਣ ਨਾਸ਼ੁਕਰੇ ਪੁਰਸ਼ਾਂ ਦਾ ਅਗੇ ਜਾ ਕੇ ਕੋਈ ਭੀ ਹਮਾਇਤਾ ਨਹੀਂ ਬਣਦਾ, ਕੋਈ ਵੀ ਵਿਚ ਪੈ ਕੇ, ਸਿਫ਼ਾਰਸ਼ ਕਰ ਕੇ ਉਨ੍ਹਾਂ ਨੂੰ ਬਚਾਉਣਹਾਰਾ ਨਹੀਂ ਹੁੰਦਾ। [ਪੁਸਤਕ "ਅਣਡਿਠੀ ਦੁਨੀਆ" ਦੇ ਅੰਤਲੇ ਲੇਖ ਵਿਚੋਂ

# ਗੁਰਬਾਣੀ ਗਾਉਣ ਸਮੇਂ ਗੁਣੀ ਦਾ ਧਿਆਨ

ਗੁਰਬਾਣੀ ਦਾ ਗਾਵਣਾ ਤਾਂ ਹਰ ਹਾਲਤ ਵਿਚ ਸਫਲ ਸੁਖਦਾਇਕ ਹੈ। ਇਸ ਨੇ ਓੜਕ ਨੂੰ ਫਲਦਾਇਕ ਜ਼ਰੂਰ ਹੋਣਾ ਹੈ। ਆਹਲੀ ਕਦੀ ਨਹੀਂ ਜਾਣਾ। ਪਰ ਏਤਨਾ ਵਿਚਾਰ ਲੈਣਾ ਤਾਂ ਅਸਾਡਾ ਆਪਣਾ ਧਰਮ ਹੈ ਕਿ ਜਿਨ੍ਹਾਂ ਗੁਣਾਂ ਨੂੰ ਗੁਰਬਾਣੀ ਗਾਉਂਦੀ ਹੈ, ਉਹ ਗੁਣ ਗੁਣੀ ਪਰਮਾਤਮਾ ਦੇ ਹਨ। ਤਿਸੁ ਗੁਣੀ ਨੂੰ ਮੁਖ ਰਖ ਕੇ ਗੁਣ ਗਾਵਣਾ ਹੀ ਗੁਣਕਾਰੀ ਹੈ। **ਗੁਰਬਾਣੀ ਗਾਵਿਣ ਲਗੇ ਗੁਣਾਂ ਵਲ ਬਿਰਤੀ ਨਾ ਦੇਣਾ, ਗੁਣੀ ਦੇ ਗੁਣਾਂ ਨੂੰ ਕੁਥਾਉਂ ਘਟਾਉਣਾ ਹੈ।** ਗੁਰਬਾਣੀ ਗਾਉਂਦੇ ਹੋਏ ਬਿਰਤੀ ਨੂੰ ਗੁਰਬਾਣੀ ਵਿਚ ਨਾ ਰਖਣਾ ਦਸਦਾ ਹੈ ਕਿ ਅਸਾਡੀ ਬਿਰਤੀ ਦੇ ਸਨਮੁਖ ਕੋਈ ਹੋਰ ਸਰੂਪ ਹੈ, ਜੋ ਗੁਣੀ ਦੇ ਸਰੂਪ ਤੋਂ ਭਿੰਨ ਹੈ। ਇਹ ਗੁਣੀ ਦੀ ਅਨਿੰਨ ਉਪਾਸ਼ਨਾ ਨਹੀਂ, ਸਗੋਂ ਦੁਰੰਗੀ, ਦੁਚਿਤੀ, ਦੁਬਾਜਰੀ, ਦੁਤੀਏ ਭਾਵ ਦੇ ਮੇਲ ਮਿੱਸ ਵਾਲੀ ਪਾਜਲ ਉਪਾਸ਼ਨਾ ਹੈ, ਗੁਰੂ ਦੀ ਅਨਿੰਨ ਭਗਤੀ, ਸੱਚੀ ਪ੍ਰੇਮਾ-ਭਗਤੀ ਨਹੀਂ। ਤਦ ਦਰਸ਼ਨ ਦਾ ਚਮਤਕਾਰ ਕਿਉਂਕਰ ਪ੍ਰਾਪਤ ਹੋਵੇ? ਗੁਰ-ਦਰਸ਼ਨ ਦੀ ਪ੍ਰਾਪਤੀ ਨੂੰ ਪਰਤੀਤ ਸੰਯੁਕਤ ਅਤੇ ਸਿਕ ਪੂਰਬਕ ਗੁਰਬਾਣੀ ਅਤੇ ਨਾਮ ਸੰਗ ਇਕ-ਤਾਰ ਜੁਟੇ ਹੀ ਗਾਂਹਣਾ ਜੋਤਿ ਸਰੂਪੀ ਦਿਬ ਜੋਤਿ ਦੇ ਦਰਸ਼ਨਾਂ ਦੇ ਪ੍ਰਾਪਤ ਕਰਾਵਣ ਨੂੰ ਅਵੱਸ਼ ਸਮੱਰਥ ਹੈ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ ਟ੍ਰੈਕਟ "ਗਿਆਨ-ਚਾਨਣਾ" ਵਿਚੋਂ

**ਪਾਠਕ ਜੀ—**(੧) ਚਿੱਠੀ ਪੱਤਰ ਜਾ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।
੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।
੪) ਸ਼ਹੀਦੀ ਫੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।
੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।


www.AKJ.Org

# ਗੁਰਸਿੱਖੀ ਕੀ ਹੈ ? (੫)

[ਪ੍ਰੋਫੈਸਰ ਗੁਰਮੁਖ ਸਿੰਘ ਜੀ ਦੇ ਲੇਖ ਦੇ ਅਧਾਰ ਤੇ]

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀਆਂ ਰਚੀਆਂ ਵਾਰਾਂ ਵਿਚ ਅਤੇ ਕਬਿੱਤ ਸਵਈਆਂ ਵਿਚ ਗੁਰਬਾਣੀ ਦੀ ਹੀ ਵਿਆਖਿਆ ਕੀਤੀ ਹੈ, ਇਸੇ ਕਰਕੇ ਭਾਈ ਸਾਹਿਬ ਜੀ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਜਾਂਦਾ ਹੈ।

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਸਿਖੀ ਦੇ ਪ੍ਰੇਮ-ਪੰਧ ਤੇ ਪੈਰ ਧਰਨ ਲਈ ਪਹਿਲੀ ਸ਼ਰਤ ਹੀ ਇਹ ਰਖੀ ਕਿ ਇਸ ਪ੍ਰੇਮ-ਗਲੀ ਵਿਚ ਪਰਵੇਸ਼ ਕਰਨ ਲਈ ਸਿਰ ਤਲੀ ਤੇ ਰਖਣਾ ਪੈਣਾ ਹੈ ਅਤੇ ਲੋੜ ਪੈਣ ਤੇ ਸਿਰ ਦੇਣ ਦੀ ਕੁਰਬਾਨੀ ਕਰਨ ਤੋਂ ਵੀ ਗੁਰੇਜ਼ ਨਹੀਂ ਕਰਨਾ। ਗੁਰੂ ਅਮਰਦਾਸ ਜੀ ਨੇ ਇਸੇ ਸਿਧਾਂਤ ਨੂੰ ਨਿਖਾਰਦਿਆਂ ਕਿਹਾ ਹੈ ਕਿ ਗੁਰਸਿਖੀ ਕਮਾਣ ਲਈ ਆਪਾ ਭਾਵ ਤਿਆਗਣਾ ਪੈਂਦਾ ਹੈ, ਆਪਣਾ ਸੀਸ ਗੁਰੂ ਦੀ ਭੇਟ ਕਰਨਾ ਪੈਂਦਾ ਹੈ। ਇਹ ਕੋਈ ਸੋਖੀ ਕਾਰ ਨਹੀਂ, ਸਗੋਂ ਮਹਾਨ ਬਿਖੜੀ ਖੇਡ ਹੈ :–

ਸਤਿਗੁਰੂ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥ (ਪੰਨਾ ੬੪੯)

ਫਿਰ ਗੁਰੂ ਅਮਰਦਾਸ ਜੀ ਨੇ ਇਸ ਗੁਰਸਿਖੀ ਮਾਰਗ ਨੂੰ ਖੰਡੇ ਦੀ ਧਾਰ ਤੋਂ ਤਿਖਾ ਅਤੇ ਵਾਲ ਤੋਂ ਬਰੀਕ ਫੁਰਮਾਇਆ ਹੈ :

ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥੧੪॥ [ਅਨੰਦੁ ਸਾਹਿਬ

ਗੁਰਬਾਣੀ ਦੇ ਉਪਰੋਕਤ ਬਚਨਾਂ ਦੀ ਵਿਆਖਿਆ ਵਿਚ ਹੀ ਭਾਈ ਗੁਰਦਾਸ ਜੀ ਨੇ ਲਿਖਿਆ ਹੈ–

–ਗੁਰਸਿਖੀ ਬਾਰੀਕ ਹੈ ਸਿਲ ਚਟਣ ਫਿਕੀ ॥ ਤਿਖੀ ਖੰਡੇ ਧਾਰ ਹੈ ਉਹ ਵਾਲਹੁੰ ਨਿਕੀ। [ਵਾਰ ੯, ਪਉੜੀ ੨

–ਗੁਰਸਿਖੀ ਬਾਰੀਕ ਹੈ ਖੰਡੇਧਾਰ ਗਲੀ ਅਤਿ ਭੀੜੀ ॥......

ਵਾਲਹੁ ਨਿਕੀ ਆਖੀਐ ਤੇਲੁ ਤਿਲਹੁ ਲੈ ਕੋਹਲੂ ਪੀੜੀ ॥ [ਵਾਰ ੧੧, ਪਉੜੀ ੫

–ਵਾਲਹੁ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਤਿਖੀ ॥ [ਵਾਰ ੨੮, ਪਉੜੀ ੧

–ਮੁਰਦੇ ਵਾਂਗ ਮੁਰੀਦ ਹੋਇ, ਗੁਰ ਗੋਰੀ ਵੜਿ ਅਲਖ ਅਲੇਖੈ ॥ [ਵਾਰ ੨੮, ਪਉੜੀ ੬

ਗੁਰਸਿਖੀ ਦਾ ਦੂਜਾ ਪਹਿਲੂ ਦਸਦਿਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰੂ ਕੀ ਚਾਕਰੀ ਕਮਾਣ ਲਈ ਜਿਥੇ ਇਸ ਨੂੰ ਮਹਾਨ ਕਰੜੀ ਆਖਿਆ ਹੈ ਉਥੇ ਨਾਲ ਹੀ ਇਹ ਵੀ ਦਸਿਆ ਹੈ ਕਿ ਗੁਰੂ ਕੀ ਸੇਵਾ ਕਮਾਣ ਵਾਲੇ ਗੁਰਸਿਖਾਂ ਲਈ ਇਹ ਅਤਿ ਉਤਮ ਅਤੇ ਸ੍ਰੇਸ਼ਟ ਸੁਖ ਪ੍ਰਦਾਨ ਕਰਨਹਾਰੀ ਹੈ–

ਗੁਰ ਪੀਰਾਂ ਕੀ ਚਾਕਰੀ, ਮਹਾਂ ਕਰੜੀ, ਸੁਖ ਸਾਰ ॥੧੬॥ (ਪੰਨਾ ੧੪੨੨)

ਹਾਂ ਜੀ, ਜਿਨ੍ਹਾਂ ਨੇ ਗੁਰਸਿਖੀ ਦੇ ਇਹ ਬਿਖਮ ਕਰੜੇ ਪੈਂਡੇ ਝਾਗਣ ਲਈ ਕਮਰਕਸੇ ਕੀਤੇ ਹੋਣ, ਉਨ੍ਹਾਂ ਨੂੰ ਹੀ ਇਸ ਦੇ ਅੰਮ੍ਰਿਤ-ਸੁਆਦ ਦਾ ਪਤਾ ਹੋ ਸਕਦਾ ਹੈ। ਸ੍ਰੀ ਅਮਰਦਾਸ ਜੀ ੭੨ ਸਾਲਾਂ ਦੀ ਆਯੂ ਵਿਚ ਜਦੋਂ ਅੰਮ੍ਰਿਤ ਵੇਲੇ ਅੱਧੀ ਰਾਤੇ ਉਠ ਕੇ ਤਿੰਨ ਕੋਹਾਂ ਪਰ ਬਿਆਸਾ ਨਦੀ ਤੇ ਜਾਂਦੇ, ਆਪ ਇਸ਼ਨਾਨ ਕਰਦੇ ਅਤੇ ਆਪਣੇ ਦਿਲ ਦੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਸਾਹਿਬ ਦੇ ਇਸ਼ਨਾਨ ਲਈ ਜਲ ਦੀ ਗਾਗਰ ਭਰ ਕੇ ਹਨੇਰੀਆਂ ਕਾਲੀਆਂ ਬੋਲੀਆਂ ਰਾਤਾਂ ਤੇ ਕੰਡਿਆਲੇ ਰਸਤਿਆਂ ਵਿਚੋਂ ਦੀ ਜੰਗਲ ਬੇਲੇ ਝਾਗਦੇ ਖਡੂਰ ਸਾਹਿਬ ਪੁਜਦੇ ਤਾਂ ਉਸ ਸੇਵਾ ਦਾ ਜੋ ਸੁਖ-ਅਨੰਦ ਉਹ ਭੂੰਚ ਰਹੇ ਹੁੰਦੇ, ਉਸ ਨੂੰ ਉਹ ਆਪ ਹੀ ਜਾਣਦੇ ਸਨ, ਵਿਚਾਰਾ ਅਨਜਾਣ ਤੇ ਗਵਾਰ ਜੁਲਾਹਿਆ ਉਸ ਅਗੰਮੀ ਰਸ ਨੂੰ ਕੀ ਜਾਣ ਸਕਦਾ ਸੀ।

ਗੁਰਸਿਖੀ ਦੇ ਇਸੇ ਪੱਖ ਨੂੰ, ਕਿ ਜਿਥੇ ਇਹ ਅਲੂਣੀ ਸਿਲਾ ਚਟਣ ਬਰਾਬਰ ਹੈ ਉਥੇ ਇਹ ਅੰਮ੍ਰਿਤ ਰਸ ਵਾਂਗ ਮਹਾਨ ਮਿਠੀ ਤੇ ਸੁਆਦੀ ਹੈ, ਭਾਈ ਗੁਰਦਾਸ ਜੀ ਇਉਂ ਬਿਆਨ ਕਰਦੇ ਹਨ–

–ਸਿਲ ਅਲੂਣੀ ਚਟਣੀ, ਤੁਲਿ ਨ ਲਖ ਅਮਿਅ ਰਸ ਇਖੀ ॥ [ਵਾਰ ੨੮, ਪਉੜੀ ੧

–ਸਿਲ ਅਲੂਣੀ ਚਟਣੀ, ਸਾਦਿ ਨ ਪੁਜੈ ਲਖ ਲਖ ਮੇਵਾ ॥ [ਵਾਰ ੨੮, ਪਉੜੀ ੪



www.AKJ.Org

ਭਾਈ ਗੁਰਦਾਸ ਜੀ ਨੇ ਗੁਰਸਿਖੀ ਦੀ ਕਰੜੀ ਘਾਲ ਕਮਾਈ ਕਰਨ ਵਾਲੇ ਗੁਰਸਿਖਾਂ ਪ੍ਰਤੀ ੩੫ਵੀਂ ਵਾਰ ਦੀਆਂ ਅੰਤਲੀਆਂ ਚਾਰ ਪਉੜੀਆਂ ਵਿਚ, ਨਿਤ ਵਰਤੀਂਦੀਆਂ ਉਦਾਹਰਣਾਂ ਦੇ ਕੇ ਇਹ ਤੱਤ ਕਢੇ ਹਨ–

(੧) ਜੇ ਗੁਰ ਸਾਂਗ ਵਰਤਦਾ, ਸਿਖੁ ਸਿਦਕੁ ਨ ਹਾਰੇ ॥੨੦॥
(੨) ਸਾਂਗੈ ਅੰਦਰਿ ਸਾਬਤੇ, ਸੇ ਵਿਰਲੇ ਬੰਦੇ ॥੨੧॥
(੩) ਜੇ ਗੁਰ ਭਰਮਾਏ ਸਾਂਗ ਕਰਿ, ਕਿਆ ਸਿਖੁ ਵਿਚਾਰਾ ॥੨੨॥
(੪) ਸਾਂਗੈ ਅੰਦਰਿ ਸਾਬਤਾ, ਜਿਸੁ ਗੁਰੂ ਸਹਾਇ ॥੨੩॥

ਪਹਿਲੀ ਗੱਲ ਇਹ ਕਹੀ ਹੈ ਕਿ ਜੇ ਕਿਤੇ ਗੁਰੂ ਪਾਤਸ਼ਾਹ ਵਲੋਂ ਪ੍ਰੀਖਿਆ ਲਈ ਕੋਈ ਪਰਚਾ ਪੈ ਜਾਏ, ਕੋਈ ਬਿਖਮ ਖੇਡ ਵਰਤ ਜਾਏ ਤਾਂ ਸਿਖ ਦਾ ਫ਼ਰਜ਼ ਹੈ ਕਿ ਉਸ ਵੇਲੇ ਆਪਣੇ ਸਿਦਕ ਨੂੰ ਡੋਲਣ ਨਾ ਦੇਵੇ, ਗੁਰੂ ਕਾ ਹੁਕਮ ਸਮਝ ਕੇ ਸਿਦਕ ਵਿਚ ਕਾਇਮ ਰਹੇ। ਦੂਜੀ ਪਉੜੀ ਵਿਚ ਫਿਰ ਦਸਿਆ ਹੈ ਕਿ ਜਦੋਂ ਕੋਈ ਬਿਖਮ ਭਾਣੇ ਵਰਤਦੇ ਹਨ, ਗੁਰਸਿੱਖੀ ਦੀ ਪਰਖ ਦਾ ਵੇਲਾ ਆਂਦਾ ਹੈ ਤਾਂ ਓਦੋਂ ਕੋਈ ਵਿਰਲੇ ਹੀ ਹੁੰਦੇ ਹਨ ਜੋ ਡਿਗਦੇ ਡੋਲਦੇ ਨਹੀਂ ਅਤੇ ਸਿੱਖੀ ਸਿਦਕ ਵਿਚ ਪੂਰੇ ਉਤਰਦੇ ਹਨ। ਤੀਜੀ ਚੌਥੀ ਪਉੜੀ ਵਿਚ ਅੰਤਲਾ ਨਿਰਣਾ ਕਰ ਦਿਤਾ ਹੈ ਕਿ ਜੇ ਸਤਿਗੁਰੂ ਕੋਈ ਭਰਮਾ ਦੇਣ ਵਾਲਾ ਸਾਂਗ ਰਚ ਦੇਵੇ ਤਾਂ ਸਿਖ ਦੀ ਆਪਣੀ ਕੋਈ ਪਾਂਇਆਂ ਨਹੀਂ ਕਿ ਉਸ ਬਿਖਮ ਘੜੀ ਦਾ ਟਾਕਰਾ ਕਰ ਸਕੇ, ਸਤਿਗੁਰੂ ਦੀ ਬਖਸ਼ਸ਼ ਤੋਂ ਬਿਨਾਂ ਸਿਖ ਦਾ ਕਿਸੇ ਔਖੇ ਸਮੇਂ ਸਿਖੀ ਸਿਦਕ ਵਿਚ ਸਾਬਤ ਰਹਿਣਾ ਅਤੀ ਕਠਨ ਹੈ; ਹਾਂ, ਜੇ ਸਤਿਗੁਰੂ ਮਿਹਰ ਕਰਨ, ਸਿਖ ਦੀ ਸਹਾਇਤਾ ਕਰਨ, ਸਿਖ ਦੇ ਮਨ ਨੂੰ ਬਲ ਬਖ਼ਸ਼ਣ ਤਾਂ ਹੀ ਉਹ ਸਿੱਖੀ ਸਿਦਕ ਵਿਚ ਕਾਇਮ ਰਹਿ ਸਕਦਾ ਹੈ।

ਇਨ੍ਹਾਂ ਮਹਾਨ ਸਿਧਾਂਤਾਂ ਨੂੰ ਪਰਗਟ ਕਰਨ ਵਾਲੇ ਭਾਈ ਗੁਰਦਾਸ ਜੀ ਦੇ ਨਿਜੀ ਜੀਵਨ ਬਾਰੇ ਸੂਰਜ ਪ੍ਰਕਾਸ਼ ਅਤੇ ਗਿਆਨੀ ਗਿਆਨ ਸਿੰਘ ਜੀ ਦੇ ਗੁਰ-ਇਤਿਹਾਸ ਆਦਿ ਗ੍ਰੰਥਾਂ ਵਿਚ ਇਕ ਸਾਖੀ ਇਉਂ ਮਿਲਦੀ ਹੈ–

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਭਾਈ ਗੁਰਦਾਸ ਜੀ ਦਾ ਅਤਿ ਸਤਿਕਾਰ ਤੇ ਮਾਣ ਕਰਦੇ ਸਨ, ਪਰ ਉਨ੍ਹਾਂ ਨੂੰ ਭਾਈ ਸਾਹਿਬ ਦੀ ਇਸ ਪਉੜੀ ਵਿਚੋਂ––'ਜੇ ਗੁਰ ਸਾਂਗ ਵਰਤਦਾ ਸਿਖੁ ਸਿਦਕੁ ਨ ਹਾਰੇ'–ਕੁਝ ਸੂਖਮ ਜਹੀ ਹਉਮੈ ਨਜ਼ਰੀ ਪਈ। ਸਤਿਗੁਰੂ ਜੀ ਆਪਣੇ ਗੁਰਸਿਖਾਂ ਲਈ ਸਦਾ ਮਿਹਰਵਾਨ ਹਨ–

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥੧॥੧੮॥

[ਸੁਖਮਨੀ ਸਾਹਿਬ

ਆਪਣੇ ਅਤਿ ਪਿਆਰੇ ਸਿਖ ਦੇ ਅੰਦਰ ਸੂਖਮ ਜਹੀ ਹਉਮੈ ਦਾ ਉਪਜਣਾ ਵੀ ਹਾਨੀਕਾਰਕ ਹੈ। ਸਤਿਗੁਰੂ ਜੀ ਨੇ ਇਸ ਸੂਖਮ ਹਉਮੈ ਦਾ ਅਭਾਵ ਕਰਨ ਲਈ ਚਲਿਤ ਰਚਾਇਆ ਅਤੇ ਭਾਈ ਗੁਰਦਾਸ ਜੀ ਨੂੰ ਘੋੜੇ ਖ਼ਰੀਦਣ ਲਈ ਰੁਪਿਆਂ ਦੀਆਂ ਖੁਰਜੀਆਂ ਭਰ ਕੇ ਕੁਝ ਗੁਰਸਿਖਾਂ ਦੇ ਨਾਲ ਕਾਬਲ ਭੇਜ ਦਿਤਾ। ਭਾਈ ਸਾਹਿਬ ਜੀ ਨੇ ਚੰਗੀ ਨਸਲ ਦੇ ਕੁਝ ਘੋੜੇ ਖ਼ਰੀਦੇ ਅਤੇ ਉਨ੍ਹਾਂ ਵਪਾਰੀਆਂ ਨੂੰ ਰਕਮ ਦੇਣ ਲਈ ਉਨ੍ਹਾਂ ਨੂੰ ਤੰਬੂ ਦੇ ਬਾਹਰ ਖੜਾ ਕੀਤਾ। ਆਪ ਅੰਦਰ ਗਏ, ਰੁਪਏ ਅਦਾ ਕਰਨ ਲਈ ਜਦੋਂ ਖੁਰਜੀਆਂ ਖੋਲ੍ਹੀਆਂ ਤਾਂ ਅਜਬ ਕੌਤਕ ਵਰਤ ਗਿਆ। ਗੁਰੂ ਮਹਾਰਾਜ ਨੇ ਉਨ੍ਹਾਂ ਦੀਆਂ ਅੱਖਾਂ ਵਿਚ ਐਸ਼ੀ ਕਲਾ ਵਰਤਾਈ ਕਿ ਉਹ ਜੋ ਵੀ ਖੁਰਜੀ ਖੋਲ੍ਹਣ ਉਸ ਵਿਚ ਰੁਪਿਆਂ ਦੀ ਥਾਂ ਠੀਕਰੀਆਂ ਹੀ ਦਿਸਣ। ਵਪਾਰੀ ਬਾਹਰ ਖੜੇ ਉਡੀਕ ਰਹੇ ਸਨ ਪਰ ਇਨ੍ਹਾਂ ਨੂੰ ਵਪਾਰੀਆਂ ਨੂੰ ਦੇਣ ਲਈ ਰੁਪਿਆ ਕਿਤੇ ਨਜ਼ਰ ਹੀ ਨਾ ਆਵੇ। ਡੋਲ ਗਏ, ਸਿਖੀ ਸਿਦਕ ਤੋਂ ਥਿੜਕ ਗਏ। ਘਬਰਾਹਟ ਵਿਚ ਤੰਬੂ ਦੇ ਪਿਛਲੇ ਪਾਸਿਓਂ ਖਿਸਕ ਗਏ। ਆਪਣੇ ਸਾਥੀਆਂ ਨੂੰ ਤੇ ਵਪਾਰੀਆਂ ਨੂੰ ਉਥੇ ਹੀ ਛਡ ਕੇ ਆਪ ਲੁਕਦੇ ਛਿਪਦੇ, ਸ੍ਰੀ ਅੰਮ੍ਰਿਤਸਰ ਜੀ ਨੂੰ ਪਾਸੇ ਛਡ ਕੇ, ਬਨਾਰਸ ਜਾ ਅਪੜੇ। ਪਿਛੋਂ ਭਾਈ ਸਾਹਿਬ ਦੇ ਸਾਥੀਆਂ ਨੇ ਤੰਬੂ ਅੰਦਰ ਜਾ ਕੇ ਵੇਖਿਆ ਤਾਂ ਖੁਰਜੀਆਂ ਦੇ ਮੂੰਹ ਖੁਲ੍ਹੇ ਪਏ ਸਨ ਅਤੇ ਭਾਈ ਸਾਹਿਬ ਨੂੰ ਕਿਤੇ ਨਾ ਵੇਖ ਕੇ ਬੜੇ ਪ੍ਰੇਸ਼ਾਨ ਹੋਏ। ਉਹ ਵਪਾਰੀਆਂ ਨੂੰ ਅਦਾਇਗੀ ਕਰ ਕੇ ਵਾਪਸ ਪੁਜੇ ਅਤੇ ਸਤਿਗੁਰਾਂ ਨੂੰ ਭਾਈ ਸਾਹਿਬ ਦੇ ਗੁੰਮ ਹੋਣ ਦੀ ਵਾਰਤਾ ਸੁਣਾਈ। ਸਤਿਗੁਰੂ ਜੀ ਸੁਣ ਕੇ

ਮਸਕਰਾਏ ਅਤੇ ਫਿਰ ਚੁਪ ਕਰ ਰਹੇ।

ਭਾਈ ਗੁਰਦਾਸ ਜੀ ਕਿਤਨਾ ਕਾਲ ਹੀ ਬਨਾਰਸ ਵਿਚ ਰਹੇ। ਉਥੇ ਗੁਰਸਿਖੀ ਦਾ ਪਰਚਾਰ ਕਰਦੇ ਰਹੇ। ਉਥੋਂ ਦੇ ਰਾਜੇ ਸਮੇਤ ਅਨੇਕਾਂ ਪ੍ਰਾਣੀਆਂ ਦੇ ਅੰਦਰ ਗੁਰੂ-ਚਰਨਾਂ ਦੀ ਪ੍ਰੀਤੀ ਦਾ ਬੀਜ ਬੀਜਦੇ ਰਹੇ। ਉਥੇ ਰਹਿੰਦਿਆਂ ਹੀ ਆਪ ਜੀ ਨੇ ਗੁਰਸਿਖੀ ਦੇ ਬਿਰਹੋਂ-ਪਿਆਰ ਵਿਚ ਗੁਰਮਤਿ ਦੇ ਉਤਮ ਉਪਦੇਸ਼ਾਂ ਨੂੰ ਕਬਿਤ ਸਵੱਈਆਂ ਦੀ ਰਚਨਾ ਦੁਆਰਾ ਅੰਕਤ ਕੀਤਾ। ਸਮਾਂ ਪਾ ਕੇ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਲੇਖੇ-ਜੋਖੇ ਲਈ ਹਾਜ਼ਰ ਹੋਣ ਲਈ ਸੱਦ ਭੇਜਿਆ। ਆਪ ਜੀ ਬਨਾਰਸ ਦੇ ਕਈ ਪ੍ਰੇਮੀ-ਜੀਉੜਿਆਂ ਸਮੇਤ ਅਤਿ ਨਿਮਰਤਾ ਵਿਚ, ਵੈਰਾਗ-ਭਿੰਨੇ ਲੋਇਣਾਂ ਨਾਲ ਗੁਰੂ-ਦਰਬਾਰ ਵਿਚ ਪੁਜੇ ਅਤੇ ਗੁਰੂ-ਚਰਨਾਂ ਤੇ ਆ ਡਿਗੇ। ਪਛਤਾਵੇ ਵਿਚ ਅਤਿ ਬਿਹਬਲ ਹੋਏ ਬੇਨਤੀ ਕੀਤੀ ਕਿ–

ਜੇ ਗੁਰ ਭਰਮਾਏ ਸਾਂਗ ਕਰਿ, ਕਿਆ ਸਿਖ ਵਿਚਾਰਾ॥

ਅਤੇ–ਸਾਂਗੀ ਅੰਦਰਿ ਸਾਬਤਾ, ਜਿਸੁ ਗੁਰੂ ਸਹਾਇ॥

ਸਤਿਗੁਰਾਂ ਨੇ ਮਿਹਰ-ਤਕਣੀ ਤਕਿਆ ਅਤੇ ਗਲੇ ਨਾਲ ਲਾ ਲਿਆ।

ਅਸੀਂ ਭੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਿ, ਖਾਲਸਈ ਰਹਿਤ ਬਹਿਤ ਰਖ ਕੇ, ਗੁਰੂ ਪਾਤਸ਼ਾਹ ਦੇ ਰਚੇ ਹੋਏ ਸਾਂਗ ਵਿਚ ਸਾਂਗਧਾਰੀ ਪਾਤਰ ਹਾਂ। ਸਦੀਆਂ ਤੋਂ ਇਨ੍ਹਾਂ ਨਿਰਮਲ ਨਾਨਕ-ਪੰਥੀਆਂ ਉਤੇ ਕਰੜੇ ਸਮੇਂ ਆਉਂਦੇ ਰਹੇ। ਧੰਨ ਹਨ ਉਹ ਸਾਡੇ ਪੂਜਨੀਕ ਪੁਰਾਤਨ ਬਜ਼ੁਰਗ ਸਿੰਘ ਸਿੰਘਣੀਆਂ, ਜੋ ਅਤਿ ਬਿਖੜੇ ਸਮਿਆਂ ਵਿਚ ਵੀ ਇਸ ਸਾਂਗ ਵਿਚ ਕੇਸੀਂ ਸੁਆਸੀਂ ਸਾਬਤ ਰਹੇ। ਇਹੋ ਤਾਂ ਗੁਰਸਿੱਖੀ ਦੀ ਬਾਰੀਕੀ ਹੈ।

ਰਾਮਕਲੀ ਦੀ ਵਾਰ ਮਹਲਾ ੩ ਵਿਚ ਇਕ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ, ਜਿਸ ਵਿਚ ਆਪ ਨੇ ਦਸਿਆ ਹੈ ਕਿ ਦੁਖਾਂ ਸੁਖਾਂ ਨੂੰ ਸਹਿਣ, ਪਾਣੀ ਦੇ ਜੀਆਂ ਵਾਂਗ ਪਾਣੀ ਵਿਚ ਰਹਿਣ, ਸਿਰ ਮੁਨਾਣ, ਧਰਮ-ਪੁਸਤਕਾਂ ਦੇ ਭਾਰ ਉਠਾਣ ਅਤੇ ਦੇਸਾ-ਰਟਨ ਆਦਿ ਕਰਨ ਲਈ ਕੋਈ ਸਿੱਧੀ ਪ੍ਰਾਪਤ ਨਹੀਂ ਹੁੰਦੀ, ਸਗੋਂ ਜੇ ਕੋਈ ਪ੍ਰਾਪਤੀ ਹੋਣੀ ਹੈ ਤਾਂ ਉਹ ਗੁਰ-ਸ਼ਬਦ ਨੂੰ ਹਿਰਦੇ ਅੰਦਰ ਵਸਾਉਣ ਤੇ ਸਿਮਰਨ ਨਾਲ ਹੀ ਹੋ ਸਕਦੀ ਹੈ। ਫਿਰ 'ਅਕਾਲ ਪੁਰਖ ਵਾਚ' ਦੇ ਕੇ ਦਸਦੇ ਹਨ ਕਿ ਜਿਸ ਤੇ ਉਹ ਪ੍ਰਭੂ ਮਿਹਰ ਕਰਦਾ ਹੈ ਉਸ ਨੂੰ ਆਪਣੇ ਮਾਰਗ ਤੇ ਚਲਾ ਦੇਂਦਾ ਹੈ, ਉਸ ਨੂੰ ਕੋਈ ਭੁਲਾ ਨਹੀਂ ਸਕਦਾ, ਭਰਮਾਅ ਕੇ ਪੁੱਠੇ ਰਸਤੇ ਨਹੀਂ ਪਾ ਸਕਦਾ; ਪਰ ਜੇ ਵਾਹਿਗੁਰੂ ਜੀ ਹੀ ਉਸ ਨੂੰ ਮੁਢ ਤੋਂ ਹੀ ਭੁਲੀ ਪਾ ਦੇਣ ਤਾਂ ਫਿਰ ਉਸ ਨੂੰ ਸਿਧੇ ਰਾਹੇ ਕੌਣ ਪਾ ਸਕਦਾ ਹੈ! ਗੁਰ-ਫ਼ੁਰਮਾਨ ਹੈ–

ਨਾਨਕ ਤਾ ਕਉ ਮਿਲੈ ਵਡਾਈ, ਜਿਸੁ ਘਟ ਭੀਤਰਿ ਸਬਦੁ ਰਵੈ॥
ਸਭ ਘਟ ਮੇਰੇ, ਹਉ ਸਭਨਾ ਅੰਦਰਿ, ਜਿਸਹਿ ਖੁਆਈ ਤਿਸੁ ਕਉਣ ਕਹੈ॥
ਜਿਸਹਿ ਦਿਖਾਲਾ ਵਾਟੜੀ, ਤਿਸਹਿ ਭੁਲਾਵੈ ਕਉਣ॥
ਜਿਸਹਿ ਭੁਲਾਈ ਪੰਧ ਸਿਰਿ, ਤਿਸਹਿ ਦਿਖਾਵੈ ਕਉਣ॥੧॥੧੨॥ (ਪੰਨਾ ੯੫੨)

(ਪੰਧ ਸਿਰਿ=ਪੰਧ ਦੇ ਸਿਰੇ ਤੋਂ ਹੀ)

ਸਾਰ-ਸਿੱਟਾ ਇਹੋ ਹੈ ਕਿ ਗੁਰਸਿਖ ਸਦਾ ਆਪਣੇ ਗੁਰੂ ਦੇ ਪ੍ਰਾਇਣ ਰਹੇ। ਇਹ ਡੀਂਗ ਨ ਮਾਰੇ ਕਿ "ਮੈਂ ਬਹੁਤ ਨਾਮ ਜਪਦਾ ਹਾਂ, ਮੇਰੇ ਜਿੰਨਾ ਨਾਮ ਕਿਸੇ ਨੇ ਕੀ ਜਪਣਾ ਹੈ?" ਇਸ ਘਰ ਵਿਚ ਨਿੰਮਰਤਾ ਦਾ ਉਪਦੇਸ਼ ਹੈ, ਨਿਮਾਣੇ ਬਣ ਕੇ ਜੀਉਣ ਦੀ ਪ੍ਰੇਰਨਾ ਹੈ।

ਮਨ ਤੂ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ, ਗੁਰਮੁਖਿ ਨਿਮਾਣਾ ਹੋਹੁ॥
ਅੰਤਰ ਅਗਿਆਨੁ ਹਉ ਬੁਧਿ ਹੈ, ਸਚਿ ਸਬਦਿ ਮਲੁ ਖੋਹੁ॥
ਹੋਹੁ ਨਿਮਾਣਾ ਸਤਿਗੁਰੂ ਅਗੈ, ਮਤ ਕਿਛੁ ਆਪੁ ਲਖਾਵਹੇ॥
ਆਪਣੈ ਅਹੰਕਾਰਿ ਜਗਤੁ ਜਲਿਆ, ਮਤ ਤੂ ਆਪਣਾ ਆਪੁ ਗਵਾਵਹੇ॥੭॥ (ਆਸਾ ਮ: ੩, ੪੪੧)

ਸਿੱਖ ਨੂੰ ਸਾਵਧਾਨ ਕੀਤਾ ਗਿਆ ਹੈ ਕਿ ਸਾਰਾ ਸੰਸਾਰ ਆਪਣੀ ਹਉਮੈ ਕਾਰਨ ਦੁਖੀ ਹੈ, ਪਰ ਸਿੱਖ ਨੇ ਹਮੇਸ਼ਾ ਤਾਣ ਵਾਲਾ ਹੁੰਦੇ ਹੋਏ ਨਿਤਾਣਾ, ਮਾਣ ਹੁੰਦੇ ਨਿਮਾਣਾ ਬਣੇ ਰਹਿਣਾ ਹੈ।


www.AKJ.Org

# ਸਤਿਗੁਰੂ ਨਾਲਿ ਧਿਆਨੁ (੨)

[ਪ੍ਰਿੰ: ਸੱਜਣ ਸਿੰਘ ਜੀ, 618, ਗੋਬਿੰਦਪੁਰੀ, ਨਵੀਂ ਦਿੱਲੀ—19]

ਸਾਚਾ ਸਤਿਗੁਰ ਨਿਰਗੁਣ ਪਰਮਾਤਮਾ ਦਾ ਸਰਗੁਣ ਸਰੂਪ ਹੈ। ਨਿਰੰਕਾਰ ਨੇ ਇਹ ਤੱਥ ਸਾਂਗੋ-ਪਾਂਗ ਗੁਰੂ ਨਾਨਕ ਦੇਵ ਜੀ ਦੇ ਰੂਪ ਹੋਇ ਪ੍ਰਗਟਾਇਆ :—

"ਨਿਰੰਕਾਰ ਆਕਾਰੁ ਕਰਿ ਗੁਰ-ਮੂਰਤਿ ਹੋਇ ਧਿਆਨੁ ਧਰਾਇਆ ॥੧੪॥ (੧੮)

ਪਰ ਉਨ੍ਹਾਂ ਗੁਰਸਿੱਖਾਂ ਪਾਸਹੁੰ, ਜਿਨ੍ਹਾਂ ਦੀਆਂ ਮੁਬਾਰਕ ਅੱਖਾਂ ਨੇ ਸਰੀਰ ਦੀ ਵਲਗਣ ਤੋਂ ਅੱਗੇ ਲੰਘ ਕੇ ਗੁਰੂ ਨਾਨਕ ਜੀ ਦੀ ਦਿੱਬ ਜੋਤੀ ਨੂੰ ਤੱਕਿਆ। ਐਸੇ ਪੰਚ ਪਰਵਾਣ ਭਗਤਾਂ ਦੀ ਮਹਿਮਾ ਅਕਥਨੀਯ ਹੈ। ਹਜ਼ੂਰ ਫੁਰਮਾਉਂਦੇ ਹਨ :—

ਜਿਸ ਨੋ ਹਰਿ ਸੁਪ੍ਰਸੰਨੁ ਹੋਇ ਸੋ ਹਰਿ ਗੁਣਾ ਰਵੈ ਸੋ ਭਗਤੁ ਸੋ ਪਰਵਾਨੁ ॥
ਤਿਸ ਕੀ ਮਹਿਮਾ ਕਿਆ ਵਰਨੀਐ ਜਿਸ ਕੈ ਹਿਰਦੈ ਵਸਿਆ ਹਰਿ ਪੁਰਖੁ ਭਗਵਾਨੁ ॥੧॥
ਗੋਵਿੰਦ ਗੁਣ ਗਾਈਐ ਜੀਉ ਲਾਇ ਸਤਿਗੁਰੂ ਨਾਲਿ ਧਿਆਨੁ ॥੧॥ਰਹਾਉ॥
(ਸੂਹੀ ਮਹਲਾ ੪, ਪੰਨਾ ੭੩੪)

ਸਤਿਗੁਰੂ ਨੂੰ ਨ-ਕੇਵਲ ਹਿਰਦੇ ਵਿਚ ਵਸਾਉਣਾ ਹੈ, ਬਲਕਿ ਪਾਰਬ੍ਰਹਮ ਸਮਝ ਕੇ ਪੂਜਣਾ ਤੇ ਸੇਵਾ ਕਰਨੀ ਹੈ। ਐਸਾ ਪਾਵਨ ਹੁਕਮ ਨਾਮ-ਧਰੀਕ ਉੱਤਮ ਸ਼ਰੇਣੀ ਲਈ ਹੀ ਨਹੀਂ, ਇਹ ਚਾਰੇ ਵਰਨਾਂ ਲਈ ਸਾਂਝਾ ਉਪਦੇਸ਼ ਹੈ। ਸ੍ਰੀ ਗੁਰੂ ਰਾਮਦਾਸ ਜੀ ਦਾ ਬਿਲਾਵਲ ਰਾਗ ਵਿਚ ਫ਼ੁਰਮਾਨ ਹੈ :—

ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ ॥
ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ ਨਿਤ ਸੇਵਹੁ ਦਿਨਸੁ ਸਭ ਰੈਨੀ ॥੧॥੫॥ (ਪੰਨਾ ੮੦੦)

ਉਪਰ ਦਿਤੇ ਅਮੋਲਕ ਬਚਨ ਸ੍ਰੀ ਗੁਰੂ ਅਮਰਦਾਸ ਜੀ ਪ੍ਰਤੀ ਇੰਨ ਬਿੰਨ ਪੂਰੇ ਉੱਤਰਦੇ ਹਨ। ਆਪ ਦੀ ਨਾਮ ਦੀ ਵਡਿਆਈ ਅਤੇ ਪ੍ਰਭੂ ਤੱਕ ਰਸਾਈ ਦੀ ਸ਼ੋਭਾ ਸੁਣ ਕੇ ਭੱਟਾਂ ਨੇ ਏਥੇ ਤੱਕ ਕਹਿ ਦਿੱਤਾ ਕਿ ਸੇਵਾ, ਨਿਮਰਤਾ ਦੇ ਪੁੰਜ ਸਤਿਗੁਰੂ ਨੇ ਆਪਣੇ ਪਾਵਨ ਗੁਣਾਂ ਦੁਆਰਾ ਪਾਰਬ੍ਰਹਮ ਨੂੰ ਵੱਸ ਕਰ ਲਿਆ ਹੈ :—

ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ ਵਾਹੁ ਵਾਹੁ ਕਰਿ ਧ੍ਯਾਇਯਉ ॥੨॥ (ਪੰਨਾ ੧੪੦੫)

ਸਾਲਾਂ ਬੱਧੀ ਘੋਰ ਤਪੱਸਿਆ ਤੇ ਕਰਮ ਧਰਮ ਉਪਰੰਤ, ਆਪ ਜੀ ਬਿਰਧ ਅਵਸਥਾ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ, ਕੇਵਲ ਮਾਨੁਖ ਦਾ ਰੂਪ ਨਾ ਜਾਣ ਕੇ, ਪਲ ਪਲ ਨਿਮਖ ਨਿਮਖ ਸੇਵਾ ਸਿਮਰਨ ਵਿਚ ਜੁੱਟ ਕੇ ਪਾਰਸ ਬਣ ਗਏ।

ਸਰਗੁਣ ਤੇ ਨਿਰਗੁਣ ਦੀ ਅਭੇਦਤਾ ਦੇ ਸਰੂਪ ਸ੍ਰੀ ਗੁਰੂ ਰਾਮਦਾਸ ਜੀ ਦੀ ਵਡਿਆਈ ਕਰਦਿਆਂ ਭੱਟ ਉਚਾਰਦੇ ਹਨ :

ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ ॥
ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੧॥ (੧੪੦੧)

ਨਾਮ ਦੀ ਪ੍ਰਾਪਤੀ ਬਾਅਦ ਭੀ ਗੁਰ ਸਤਿਗੁਰ ਦੇ ਉਪਦੇਸ਼ ਤੇ ਬਖ਼ਸ਼ੀਸ਼ ਭਰੇ ਹੱਥਾਂ ਦੀ ਓਟ ਸਾਨੂੰ ਕੁਮਾਰਗ ਜਾਣ ਤੋਂ ਹੋੜਦੀ ਹੈ। ਆਪਣੀ ਹੋਛੀ ਸਿਆਣਪ ਵਿਚ ਬਿਫਰਿਆ ਬੰਦਾ ਜੇ ਕੋਈ ਕਹੇ ਕਿ ਸਤਿਗੁਰੂ ਦੀ ਬਖ਼ਸ਼ਸ਼-ਪ੍ਰਾਪਤੀ ਦੇ ਜਤਨਾਂ ਦੀ ਕੀ ਲੋੜ ਹੈ, ਕੇਵਲ ਨਾਮ ਕਮਾਈ ਦਾ ਉਪਰਾਲਾ ਸਫਲ ਹੋ ਸਕਦਾ ਹੈ, ਇਹ ਅਗਿਆਨੀ ਤੇ ਜਾਹਲ ਲੋਕਾਂ ਨੂੰ ਕੁਰਾਹੇ ਪਾਉਣ ਦਾ ਯਤਨ ਹੈ। ਚੂੰਕਿ ਪ੍ਰਭੂ-ਪ੍ਰਾਪਤੀ ਦਾ ਅਧਾਰ ਗੁਰੂ ਦੀ ਪ੍ਰਸੰਨਤਾ ਹੈ ਇਸ ਲਈ ਸਤਿਗੁਰ ਦੇ ਪਾਵਨ ਆਸਰੇ ਲੈਣ ਦਾ ਬਾਰ ਬਾਰ ਉਪਦੇਸ਼ ਮਿਲਦਾ ਹੈ :—

ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ ॥੫॥੫੪॥ (ਪੰਨਾ ੧੪੦੫)

ਸੋ ਐਸੇ ਸਤਿਗੁਰ ਨੂੰ ਨਿਸਦਿਨ ਹਿਰਦੇ ਵਿਚ ਵਸਾਉਣਾ ਹੀ ਬਣਦਾ ਹੈ। ਭਾਉ-ਭਗਤੀ ਦੇ ਮਿਲਾਪ ਦੀ


www.AKJ.Org

ਹੋਰ ਕੋਈ ਜੁਗਤੀ ਨਹੀਂ । ਭਗਤੀ ਭਾਵ ਵਿਚ ਭਿੱਜੇ ਹੋਏ ਅਭਿਆਸੀ ਜਨ ਨੂੰ ਗੁਰੂ ਤੇ ਪਰਮੇਸਰ ਦੀ ਇਕਮਿਕਤਾ ਤੇ ਇਕਰੂਪਤਾ ਦਾ ਬੋਧ ਹੁੰਦਾ ਹੈ । ਗੁਰਮੁਖ ਜੀਵ ਸਤਿਗੁਰ ਦੇ ਆਤਮਕ ਸਰੂਪ ਨੂੰ ਹਿਰਦੇ ਵਿਚ ਵਸਾ ਕੇ ਕਿਰਪਾ-ਦ੍ਰਿਸ਼ਟੀ ਦਾ ਪਾਤਰ ਬਣਦਾ ਹੈ ਤੇ ਹੇਠ ਲਿਖੇ ਮੁੱਖ ਵਾਕ ਨੂੰ ਵਿਸਾਰਦਾ ਨਹੀਂ :—

ਧੁਰਿ ਖਸਮੈ ਕਾ ਹੁਕਮੁ ਪਇਆ ਵਿਣੁ ਸਤਿਗੁਰ ਚੇਤਿਆ ਨ ਜਾਇ ॥
ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ ਸਦਾ ਰਹਿਆ ਲਿਵ ਲਾਇ ॥
ਦਮਿ ਦਮਿ ਸਦਾ ਸਮ੍ਹਾਲਦਾ ਦੰਮੁ ਨ ਬਿਰਥਾ ਜਾਇ ॥
ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥
ਨਾਨਕ ਇਹੁ ਮਰਤਬਾ ਤਿਸ ਨੋ ਦੇਇ ਜਿਸ ਨੋ ਕਿਰਪਾ ਕਰੇ ਰਜਾਇ ॥੨॥੧੯॥
(ਬਿਹਾਗੜੇ ਕੀ ਵਾਰ, ਮ: ੩, ਪੰਨਾ ੫੫੯)

ਸਤਾ ਬਲਵੰਡ ਤੇ ਭੱਟਾਂ ਤੋਂ ਇਲਾਵਾ ਭਾਈ ਗੁਰਦਾਸ ਜੀ ਨੇ ਗੁਰ-ਵਿਅਕਤੀ ਦੀ ਉਪਮਾ ਤੇ ਵਾਹਿਗੁਰੂ ਨਾਲ ਅਭੇਦਤਾ ਦੀਆਂ ਡੂੰਘੀਆਂ ਰਮਜ਼ਾਂ ਅਤੀ ਪਿਆਰ ਤੇ ਸ਼ਰਧਾ ਭਰੇ ਜਜ਼ਬੇ ਨਾਲ ਅੰਕਤ ਕੀਤੀਆਂ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਤਮਕ ਫ਼ਿਲਾਸਫ਼ੀ ਤੇ ਗੁਰੂ ਦੀ ਅਹਿਮੀਅਤ ਨੂੰ ਕਮਾਲ ਦੀ ਸੁਚੱਜਤਾ ਤੇ ਸਰਲਤਾ ਨਾਲ ਨਿਭਾਇਆ ਹੈ, ਜਿਸ ਕਰਕੇ ਆਪ ਦੀ ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਕਹਿ ਕੇ ਸਨਮਾਨਿਆ ਜਾਂਦਾ ਹੈ । ਸਤਿਗੁਰ ਦਾ ਪਾਵਨ ਧਿਆਨ ਅਕੱਥ ਕਥਾ ਨੂੰ ਕੱਥ ਸਕਣ ਦੀ ਸਮਰੱਥਾ ਰੱਖਦਾ ਹੈ । ਇਸ ਤੋਂ ਉਲਟ ਆਨ-ਧਿਆਨ ਨੂਰੀ ਦਰਸ਼ਨ ਤੋਂ ਸੱਖਣਾ ਹੈ । ਵਾਹਿਗੁਰੂ ਗੁਰ ਸ਼ਬਦ ਬਿਨਾ ਹੋਰ ਗਿਆਨ ਬੇ-ਰਸ ਤੇ ਫਿੱਕੇ ਸਵਾਦ ਵਾਲਾ ਹੈ :— ਵਿਣੁ ਗੁਰ ਹੋਰੁ ਧਿਆਨੁ ਹੈ, ਸਭ ਦੂਜਾ ਭਾਉ ॥

ਵਿਣੁ ਗੁਰ ਸਬਦ ਗਿਆਨੁ ਹੈ, ਫਿਕਾ ਅਲਾਉ ॥ [ਭਾ: ਗੁਰਦਾਸ ਜੀ, ਵਾਰ ੨੭, ਪਉੜੀ ੧੭

ਦੂਸਰੇ ਸ਼ਬਦਾਂ ਵਿਚ ਸਤਿਗੁਰ ਸਰੂਪ ਦਾ ਧਿਆਨ ਅਤੇ ਵਾਹਿਗੁਰੂ ਸ਼ਬਦ ਦੀ ਵਡਿਆਈ ਦਾ ਗਿਆਨ, ਉਚਾਰਨ, ਗੁਰਸਿਖ ਦੀ ਆਤਮਾ ਦਾ ਪਰਮਾਤਮਾ ਨਾਲ ਮੇਲ ਕਰਾ ਦੇਂਦਾ ਹੈ । ਭਾਈ ਗੁਰਦਾਸ ਜੀ ਦਾ ਬਚਨ ਹੈ:—

ਸਤਿਗੁਰ ਦਰਸਨ ਧੰਨੁ ਹੈ ਧੰਨ ਦਿਸਟ ਗੁਰ ਧਿਆਨੁ ਧਰਾਇਆ ॥
ਧੰਨੁ ਧੰਨੁ ਸਤਿਗੁਰ ਸਬਦੁ ਧੰਨੁ ਸੁਰਤਿ ਗੁਰ ਗਿਆਨੁ ਸੁਣਾਇਆ ॥੧੯॥ (੧੨)

**ਜਿਥੇ ਵੀ ਗੁਰ ਮੂਰਤਿ ਦੇ ਧਿਆਨ ਦਾ ਜ਼ਿਕਰ ਆਇਆ ਹੈ,ਓਥੇ ਮੂਰਤਿ ਦਾ ਭਾਵ ਗੁਰੂ ਦੇ ਸਰੂਪ ਜਾਂ ਗੁਰੂ ਦੇ ਗੁਣਾਂ ਦਾ ਸਰੂਪ ਹੈ । ਇਸ ਦਾ ਅਰਥ ਮੂਰਤੀ, ਤਸਵੀਰ ਜਾਂ ਫ਼ੋਟੋ ਕਦਾਚਿਤ ਨਹੀਂ ਹੋ ਸਕਦਾ,** ਕਿਉਂਕਿ ਇਸ ਤਰ੍ਹਾਂ ਅਕਾਲ ਮੂਰਤਿ ਦਾ ਅਰਥ ਭਾਵ-ਹੀਣ ਹੋ ਕੇ ਰਹਿ ਜਾਂਦਾ ਹੈ । ਮੂਰਤਿ ਕੀ ਤੇ ਅਕਾਲ ਕੀ ? ਪਾਵਨ ਹੁਕਮ ਹੈ :—

ਗੁਰ ਮੂਰਤਿ ਸਿਉ ਲਾਇ ਧਿਆਨੁ ॥ ਈਹਾ ਊਹਾਂ ਪਾਵਹਿ ਮਾਨੁ ॥੩॥੧੩੦॥
(ਗਉੜੀ ਮਹਲਾ ੫—ਪੰਨਾ ੧੯੨)

ਗੁਰੂ ਨਾਨਕ ਦੀ ਵਡਿਆਈ, ਕਿਸੇ ਵੀ ਕੱਚੇ ਪਿੱਲੇ ਜਾਂ ਹੰਕਾਰੀ ਨੂੰ ਮੂਲੋਂ ਹੀ ਨਾ ਦਿੱਸੀ ਨਾ ਭਾਈ । ਭੱਟਾਂ ਦੀਆਂ ਅਤ੍ਰਿਪਤ ਆਤਮਾਵਾਂ ਨੂੰ ਖੋਜਦਿਆਂ ਖੋਜਦਿਆਂ ਉਹ ਰੂਹਾਨੀ ਖ਼ੁਰਾਕ ਪ੍ਰਾਪਤ ਹੋਈ, ਜਿਸ ਲਈ ਉਨ੍ਹਾਂ ਨੇ ਦੇਸ਼-ਦੇਸ਼ਾਂਤਰ ਵਿਚ ਭਰਮਣ ਕੀਤਾ ਸੀ । ਉਨ੍ਹਾਂ ਦੀਆਂ ਅੰਤ੍ਰੀਵ ਅੱਖਾਂ ਨੇ ਜੋਗੀ ਜੰਗਮ, ਰਿਸ਼ੀ ਮੁਨੀ, ਸ਼ੇਸ਼ਨਾਗ, ਰਿੱਧ, ਸਿੱਧ, ਨਾਥ, ਬ੍ਰਹਮਾ, ਭਗਤ, ਰਾਜਾ ਇੰਦ੍ਰ ਆਦਿਕ ਨੂੰ ਗੁਰੂ ਨਾਨਕ' ਦੇ ਚਰਨਾਂ ਵਿਚ ਧਿਆਨ ਲਗਾਉਂਦਿਆਂ ਤੱਕਿਆ, ਕਿਉਂਕਿ ਉਨ੍ਹਾਂ ਦੇ ਹਿਰਦੇ ਵਿਚ 'ਕਲਿਜੁਗਿ ਪ੍ਰਮਾਣੁ ਗੁਰੂ ਨਾਨਕ ਜੀ ਦਾ ਜੱਸ ਸਮਾਇਆ ਹੋਇਆ ਸੀ ।

ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ ॥
ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀ ਜੰਗਮ ਧਿਆਨ ਧਰੇ ॥......੧॥ (ਪੰਨਾ ੧੩੮੯)


www.AKJ.Org

ਧਰਮ-ਧੁਜਾ, ਮਹਾਂ ਦਾਨੀ, ਗੰਭੀਰ ਧੀਰ, ਹਰਿ ਜੋਤਿ ਸਰੂਪ, ਪਰਤੱਖ ਹਰਿ, ਗੁਰੂ ਅਰਜਨ ਦੇਵ ਜੀ ਬਾਰੇ ਮਥੁਰਾ ਭੱਟ ਜੀ ਉਚਾਰਨ ਕਰਦੇ ਹਨ :-

ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥
ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸਟਿ ਲਗਿ ਬਿਤਰਹੁ ॥੨॥ (੧੪੦੮)

ਗੁਰ ਮੂਰਤਿ ਜਾਂ ਗੁਰ-ਸ਼ਖ਼ਸੀਅਤ ਦਾ ਧਿਆਨ ਅਨੇਕਾਂ ਬਰਕਤਾਂ ਦਾ ਪਰਦਾਨ ਕਰਦਾ ਹੈ। ਦੁਖ-ਦਰਦ ਦਾ ਨਾਸ਼, ਪਾਪਾਂ ਤੋਂ ਛੁਟਕਾਰਾ ਤੇ ਸਹਜੇ ਹੀ ਵੈਰੀਆਂ ਦਾ ਖੈ ਹੁੰਦਾ ਹੈ :-

ਪ੍ਰੀਤਮ ਸਾਚਾ ਨਾਮੁ ਧਿਆਇ ॥
ਦੂਖ ਦਰਦ ਬਿਨਸੈ ਭਵ ਸਾਗਰੁ, ਗੁਰ ਕੀ ਮੂਰਤਿ ਰਿਦੈ ਬਸਾਇ ॥੧॥ਰਹਾਉ॥
ਦੁਸਮਨ ਹਤੇ ਦੋਖੀ ਸਭਿ ਵਿਆਪੇ, ਹਰਿ ਸਰਣਾਈ ਆਇਆ ॥
ਰਾਖਨਹਾਰੈ ਹਾਥ ਦੇ ਰਾਖਿਓ ਨਾਮੁ ਪਦਾਰਥੁ ਪਾਇਆ ॥੧॥
ਕਰਿ ਕਿਰਪਾ ਕਿਲਵਿਖ ਸਭਿ ਕਾਟੇ ਨਾਮੁ ਨਿਰਮਲੁ ਮਨਿ ਦੀਆ ॥
ਗੁਣ ਨਿਧਾਨੁ ਨਾਨਕ ਮਨਿ ਵਸਿਆ ਬਾਹੁੜਿ ਦੂਖ ਨ ਥੀਆ ॥੨॥੪॥੮॥
(ਮਲਾਰ ਮ: ੫, ਪੰਨਾ ੧੨੬੮)

ਸਤਿਗੁਰੂ ਦੀ ਬਖ਼ਸ਼ਸ਼ ਸਦਕਾ ਨਿਰਮਲ ਨਾਮ ਜਿਸ ਹਿਰਦੇ ਵਿਚ ਵੱਸਦਾ ਹੈ, ਓਥੇ ਗੁਣ ਨਿਧਾਨ ਪਰਮਾਤਮਾ ਨਿਵਾਸ ਹੁੰਦਾ ਹੈ। ਇੰਜ ਦੋਬਾਰਾ ਦੁੱਖ ਨਹੀਂ ਪੋਂਹਦੇ।

ਸਤਿਗੁਰ ਜੀ ਦੀ ਬਖਸ਼ੀ ਹੋਈ ਹਰੇਕ ਦਾਤ ਜਾਂ ਨਿਸ਼ਾਨੀ, ਚਾਹੇ ਸ਼ਬਦ ਦੇ ਰੂਪ ਵਿਚ ਹੋਵੇ, ਚਾਹੇ ਘਟਨਾ ਦੇ ਰੂਪ ਵਿਚ, ਚਾਹੇ ਕਕਾਰਾਂ ਦੇ ਰੂਪ ਵਿਚ ਹੋਵੇ, ਚਾਹੇ ਹਥਿਆਰਾਂ ਦੇ ਰੂਪ ਵਿਚ ਹੋਵੇ, ਗੁਰਸਿੱਖ ਦੇ ਧਿਆਨ ਨੂੰ ਸਤਿਗੁਰੂ ਦੇ ਚਰਨਾਂ ਨਾਲ ਜੋੜਦੀ ਹੈ। ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਮਹਾਰਾਜ, ਅਠਵੇਂ ਨਾਨਕ, ਦੁਖੀਆਂ ਦੇ ਦਰਦਮੰਦ, ਰੋਗੀਆਂ ਦੇ ਰੋਗ ਖੰਡਣ ਵਾਲੇ, ਸਾਡੇ ਵਾਸਤੇ ਐਸਾ ਮਹਾਨ, ਅੰਮ੍ਰਿਤ ਕੁੰਡ ਅਸਥਾਨ ਬਖ਼ਸ਼ ਗਏ ਕਿ ਆਪ ਜੀ ਦਾ ਰੂਹਾਨੀ, ਜਲਾਲੀ ਧਿਆਨ ਧਰ ਕੇ, ਸਿਮਰਨ ਕਰਕੇ, ਅੰਮ੍ਰਿਤ ਜਲ ਭੁੰਚ ਕੇ ਚਾਰੇ ਵਰਨਾਂ ਦੇ ਰੋਗੀਆਂ ਦੇ ਸਭ ਕਸ਼ਟ ਤੇ ਦੁੱਖ ਨਵਿਰਤ ਹੁੰਦੇ ਹਨ। ਇਸ ਧੁਰ ਦਰਗਾਹੋਂ ਬਖਸ਼ੀ ਹੋਈ ਅਪਾਰ ਮਹਿਮਾ ਦਾ ਵਰਨਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਮੁਖਾਰਬਿੰਦ ਤੋਂ ਇੰਜ ਬਿਆਨ ਕਰਦੇ ਹਨ :-

ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭੁ ਦੁਖੁ ਜਾਇ ॥


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਜੇਲ੍ਹ ਚਿੱਠੀਆਂ | ੩੦-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ |
| ਗੁਰਮਤਿ ਲੇਖ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੭-੫੦ |
| ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਅੰਮ੍ਰਿਤ ਕੀ ਹੈ ? | ੨-੫੦ | ਸ਼ੰਕਿਆਂ ਦੇ ਉਤਰ | ੨-੦੦ |
| ਅੰਮ੍ਰਿਤ ਕਲਾ | ੧-੫੦ | ਨਾਮ ਸੰਬੰਧੀ ਵਿਚਾਰ | ੧-੭੫ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਆਸਤਕ ਤੇ ਨਾਸਤਕ | ੦-੭੫ |
| ਉਮਰ ਕੈਦੀ ਦਾ ਸੁਪਨਾ | ੧-੨੫ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਵਾਹਿਗੁਰੂ ਦੇ ਪਰਤੱਖ ਦਰਸ਼ਨ | ੧-੦੦ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਵਾਹਿਗੁਰੂ ਸਿਮਰਨ | ੦-੭੫ | ਕੋ ਵਿਰਲਾ ਗੁਰਮਤਿ ਚਲੈ ਜੀਉ | ੦-੭੫ |
| ਸੱਚੀਆਂ ਦਾੜ੍ਹੀਆਂ ੦-੭੫ ਸਿਖ ਕੌਣ ਹੈ ? | ੦-੭੫ | ਤਿਮਰ ਅਗਿਆਨ ਤੋਂ ਉਜਿਆਰਾ | ੫੦-੦ |


www.AKJ.Org

# ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ

[ਪ੍ਰਿੰਸੀਪਲ ਨਾਹਰ ਸਿੰਘ ਜੀ, ਕ੍ਰਿਸ਼ਨ ਨਗਰ, ਲੁਧਿਆਣਾ)

**ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਜੀਵਨ ਯਾਤਰਾ–**

੧. ਪਰਗਟ ਹੋਏ : ਸਾਵਣ ਵਦੀ ਦਸ (੮ ਸਾਵਣ) ਸੰਮਤ ੧੭੧੩ ਮੁਤਾਬਿਕ ੭ ਜੁਲਾਈ ਸੰਨ ੧੬੫੬

੨. ਪਰਗਟ ਅਸਥਾਨ : ਸ਼ੀਸ਼ ਮਹਿਲ, ਗੁਰਦੁਆਰਾ, ਕੀਰਤਪੁਰ ਸਾਹਿਬ ਜ਼ਿਲਾ ਰੋਪੜ

੩. ਮਾਪੇ : ਪਿਤਾ–ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ। ਮਾਤਾ–ਸ੍ਰੀ ਮਾਤਾ ਕ੍ਰਿਸ਼ਨ ਕੌਰ ਜੀ।

੪. ਗੁਰਿਆਈ : ਕੀਰਤਪੁਰ ਸਾਹਿਬ ਵਿਖੇ ਕਤਕ ਵਦੀ ਦਸ (੫ ਕਤਕ) ਬਿ: ੧੭੧੮, ੬ ਅਕਤੂਬਰ ੧੬੬੧

੫. ਜੋਤੀ ਜੋਤਿ–ਚੇਤ ਸੁਦੀ ੧੪ (੩ ਵੈਸਾਖ) ਸੰਮਤ ੧੭੨੧, ੩੦ ਮਾਰਚ ਸੰਨ ੧੬੬੪, ਦਿਲੀ ਵਿਚ।

੬. ਕੁਲ ਉਮਰ–੭ ਸਾਲ, ੮ ਮਹੀਨੇ ੨੩ ਦਿਨ।

**ਗੁਰੂ ਜੀ ਦੀ ਉਮਰ ਤੇ ਕਮਾਈਆਂ**–ਗੁਰਸਿੱਖਾਂ ਜਾਂ ਸਿੱਖ ਸਤਿਗੁਰਾਂ ਦੀ ਉਮਰ ਜਾਂ 'ਜੀਵਨ-ਸਮਾਂ' ਸਾਲਾਂ, ਮਹੀਨਿਆਂ ਜਾਂ ਦਿਨਾਂ ਵਿਚ ਨਹੀਂ ਗਿਣਿਆ ਜਾਂਦਾ, ਸਗੋਂ ਉਹਨਾਂ ਦੀਆਂ ਕਰਨੀਆਂ-ਕਮਾਈਆਂ, ਕਥਨੀਆਂ-ਕਾਰਨਾਮਿਆਂ, ਬਚਨਾਂ-ਵਿਚਾਰਾਂ, ਪਰਉਪਕਾਰਾਂ-ਉਦੇਸ਼ਾਂ, ਸਿਮਰਨ-ਸਮਾਧੀਆਂ ਅਤੇ ਸੰਦੇਸ਼ਾਂ-ਉਪਦੇਸ਼ਾਂ ਦੇ ਹਿਸਾਬ ਨਾਲ ਹੀ ਮਿਥਿਆ ਜਾਂਦਾ ਹੈ।

ਭਾਈ ਸੰਤੋਖ ਸਿੰਘ ਜੀ ਨੇ ਉਪਰਲੇ ਬਿਆਨ ਸੰਬੰਧੀ ਕਿਹਾ ਸੁੰਦਰ ਸੱਚ ਲਿਖਿਆ ਹੈ :–

ਬਾਲ ਬੰਸ, ਬ੍ਰਿਧ ਗਿਆਨ ਮਹਿੰ, ਸਮਰੱਥ ਸ੍ਰੀ ਗੁਰਦੇਵ।
ਪਦ ਅਰਬਿੰਦਨ ਬੰਦਨਾ ਮੁਕਤਿ ਪਾਇ ਜਿਨ ਸੇਵ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਆਯੂ ਭਾਵੇਂ ਛੋਟੀ ਹੀ ਸੀ ਪਰ ਉਹਨਾਂ ਦੀ ਗਿਆਨ ਬੁੱਧੀ, ਦਿੱਬ ਦ੍ਰਿਸ਼ਟੀ, ਪਰਮਾਤਮਿਕ ਸੂਝ ਬੂਝ. ਅਧਿਆਤਮਿਕ ਸ਼ਕਤੀ ਭਗਤੀ, ਸਮਰੱਥ ਮਹਾਂਪੁਰਸ਼ਾਂ ਵਾਲੀ ਸੀ। ਐਵੇਂ ਤਾਂ ਨਹੀਂ ਕਲਗੀਆਂ ਵਾਲੇ ਦਸਮੇਸ਼ ਜੀ ਨੇ ਚੰਡੀ ਦੀ ਵਾਰ ਦੀ ਪਹਿਲੀ ਪਉੜੀ ਵਿਚ ਲਿਖਿਆ :–

ਸ੍ਰੀ ਹਰਿਕ੍ਰਿਸ਼ਨ ਧਿਆਈਐ, ਜਿਸ ਡਿਠੈ ਸਭ ਦੁਖੁ ਜਾਇ।

ਆਪ ਜੀ ਨੂੰ 'ਬਾਲਾ ਪ੍ਰੀਤਮ' ਦੇ ਅਨੋਖੇ ਨਾਮ ਨਾਲ ਸਤਿਕਾਰਿਆ ਜਾਂਦਾ ਹੈ। ਆਪ ਨੇ ਗੁਰੂ ਨਾਨਕ ਦੇਵ ਜੀ ਦੇ ਥਾਪੇ ਸਿਧਾਂਤਾਂ, ਮਰਯਾਦਾ, ਰਹੁਰੀਤੀ ਤੇ ਨਿਯਮਾਵਲੀ ਨੂੰ ਚਲਾਉਣ ਦੀਆਂ ਪਰੰਪਰਾਵਾਂ ਤੇ ਮਨੋਰਥਾਂ ਦੀ ਪਹਿਲੇ ਗੁਰੂ ਸਾਹਿਬਾਨ ਦੀ ਤਰ੍ਹਾਂ ਸਫਲਤਾ ਸਹਿਤ ਉਦਮ ਕੀਤਾ। ਆਪ ਨੇ ਦਿੱਲੀ ਵਿਚ ਗੁਰੂ ਕੀ ਸਿੱਖੀ ਦਾ ਪਰਚਾਰ ਕਰ ਕੇ ਅਨੇਕਾਂ ਨੂੰ ਗੁਰੂ ਦੇ ਲੜ ਲਾਇਆ ਅਤੇ ਸਿੱਖ ਸੰਗਤਾਂ ਦੀਆਂ ਮਨੋ-ਕਾਮਨਾਂ ਪੂਰੀਆਂ ਕਰ ਕੇ ਪ੍ਰਸੰਨਤਾ ਪ੍ਰਾਪਤ ਕੀਤੀ, ਪਰ ਔਰੰਗਜ਼ੇਬ ਜਿਹੇ ਕੱਟੜ ਤਅੱਸਬੀ ਤੇ ਜ਼ਾਲਮ ਹੁਕਮਰਾਨ ਦਾ ਕਿਸੇ ਪਰਕਾਰ ਦਾ ਰੁਹਬ ਜਾਂ ਦਬਾਅ ਨਹੀਂ ਝੱਲਿਆ ਅਤੇ ਤਰਲੇ ਲੈਣ ਤੇ ਵੀ ਉਸ ਨੂੰ ਦਰਸ਼ਨ ਨਹੀਂ ਦਿਤੇ।

ਆਪ ਪਰਮਾਤਮਾ ਦੇ ਪਰਕਾਸ਼, ਜੋਤ, ਸਰੂਪ, ਪ੍ਰਭੂ ਸੱਤਾ, ਪ੍ਰਿਥਮ ਭਗਉਤੀ ਅਤੇ ਸਰਬ-ਸ਼ਕਤੀ ਮਾਨਤਾ ਤੇ ਸਰਬ ਵਿਆਪਕਤਾ ਦੇ ਅਨੁਭਵੀ ਸਨ।

ਗੁਰੂ ਨਾਨਕ ਦੇਵ ਜੀ ਦੀ ਗੱਦੀ ਦੀ ਜਿਥੇ 73 ਸਾਲਾ ਮਹਾਨ ਬਜ਼ੁਰਗ ਸ੍ਰੀ ਗੁਰੂ ਅਮਰਦਾਸ ਜੀ ਨੇ ਅਨੂਪਮ ਸੇਵਾ ਨ੍ਹਿਭਾਈ ਉਥੇ ਸਵਾ ਪੰਜ ਸਾਲਾ ਬਾਲਾ ਪ੍ਰੀਤਮ (ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ) ਨੇ ਵੀ ਅਲੌਕਿਕ ਰੰਗਾਂ ਵਿਚ ਗੁਰ-ਗਿਆਨ ਦਾ ਪ੍ਰਕਾਸ਼ ਕਰਦੇ ਹੋਇਆਂ, ਗੁਰੂ ਨਾਨਕ ਦੀ ਵਡਿਆਈ ਨੂੰ ਉਜਾਗਰ ਕੀਤਾ।

**ਮਹਾਂ ਮੂਰਖ ਨੇ 'ਗੀਤਾ' ਦੇ ਅਰਥ ਕੀਤੇ**–ਜਿਸ ਸਮੇਂ ਆਪ ਰਾਜਾ ਮਿਰਜ਼ਾ ਜੈ ਸਿੰਘ ਦੀ ਪ੍ਰਾਰਥਨਾ ਅਤੇ ਦਿੱਲੀ ਦੀ ਸੰਗਤ ਦੀ ਬੇਨਤੀ ਪਰਵਾਨ ਕਰਦੇ ਹੋਏ ਦਿੱਲੀ ਜਾ ਰਹੇ ਸਨ ਤਾਂ ਅਨੇਕਾਂ ਸੰਗਤਾਂ ਆਪ ਦੇ ਨਾਲ ਜੁੜ ਗਈਆਂ। ਇਸ ਕਾਰਨ ਯਾਤਰਾ ਹੌਲੀ ਹੌਲੀ ਕਰਨੀ ਪਈ। ਆਪ ਨੇ ਪਿੰਡ ਪੰਜੋਖਰਾ; ਜ਼ਿਲਾ ਅੰਬਾਲਾ



www.AKJ.Org

ਵਿਚ ਇਕ ਰਾਤ ਪੜਾਅ ਕੀਤਾ । ਲਾਲ ਚੰਦ ਨਾਮ ਦਾ ਇਕ ਹੰਕਾਰੀ ਬ੍ਰਾਹਮਣ ਆਖਣ ਲੱਗਾ ਕਿ ਨਾਮ ਤਾਂ ਸ੍ਰੀ ਹਰਿਕ੍ਰਿਸ਼ਨ ਰਖਾਇਆ ਹੈ, ਭਲਾ ਕ੍ਰਿਸ਼ਨ ਮਹਾਰਾਜ ਦੀ 'ਗੀਤਾ' ਦੇ ਅਰਥ ਕਰਕੇ ਹੀ ਦੱਸ ਦੇਣ, ਨਾਲੇ ਮੇਰੇ ਨਾਲ ਵੀ ਮੁਕਾਬਲਾ ਕਰ ਲੈਣ । ਬ੍ਰਹਮ ਗਿਆਨ ਦੇ ਪੁੰਜ ਤੇ ਸਰਬ ਕਲਾ ਸਮਰੱਥ ਸਤਿਗੁਰਾਂ, ਧੀਰਜ ਸਹਿਤ ਆਖਿਆ ਕਿ ਬਾਕੀ ਗੱਲਾਂ ਛੱਡੋ, ਆਪਣੇ ਪਿੰਡ ਦੇ ਕਿਸੇ ਮਹਾਂ ਮੂਰਖ ਨੂੰ ਲੈ ਆਓ, ਉਹੀ ਆਪ ਦੀ ਨਿਸ਼ਾ ਕਰ ਦੇਵੇਗਾ । ਪੰਡਿਤ ਜਾ ਕੇ ਇਕ ਮਹਾਂ-ਮੂਰਖ ਛੱਜੂ ਨਾਮ ਦੇ ਝੀਊਰ ਨੂੰ ਲੈ ਆਇਆ । ਸਤਿਗੁਰਾਂ ਨੇ ਛੱਜੂ ਵਲ ਆਪਣੀ ਕਿਰਪਾ-ਦ੍ਰਿਸ਼ਟੀ ਕੀਤੀ, ਉਸ ਦੇ ਸਿਰ ਨੂੰ ਆਪਣੀ ਸੋਟੀ ਨਾਲ ਛੋਹਿਆ ਅਤੇ ਆਖਿਆ, "ਛੱਜੂ ਰਾਮ ਜੀ, ਤੁਸੀਂ ਹੁਣ ਵਿਦਵਾਨ ਹੋ, 'ਗੀਤਾ' ਦੇ ਅਰਥ ਕਰਕੇ ਪੰਡਿਤ ਜੀ ਦੀ ਤਸੱਲੀ ਕਰੋ ।" ਲਾਲ ਚੰਦ ਨੇ ਗੀਤਾ ਦੇ ਗੁੱਝੇ ਤੇ ਔਖੇ ਤੋਂ ਔਖੇ ਸਲੋਕਾਂ ਦੇ ਅਰਥ ਪੁੱਛੇ, ਪਰ ਛੱਜੂ ਝੀਊਰ ਸਤਿਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਸਦਕਾ ਵਿਦਵਾਨ ਵਿਆਖਿਆ-ਕਾਰ ਪੰਡਿਤ ਬਣ ਚੁੱਕਾ ਸੀ ਅਤੇ ਤੁਰੰਤ ਸ਼ੁੱਧ ਦਰੁਸਤ ਉਤਰ ਦੇਈ ਗਿਆ । ਪੰਡਿਤ, ਗੁਰੂ ਜੀ ਤੇ ਸਿਦਕ ਤੇ ਨਿਸਚਾ ਲੈ ਆਇਆ ਤੇ ਸਿੱਖ ਸਜ ਗਿਆ ।

**ਔਰੰਗਜ਼ੇਬ ਨੂੰ ਦਰਸ਼ਨ ਨਾ ਦਿੱਤੇ**–ਪੜਾਅ ਕਰਦੇ ਕਰਦੇ, ਸੰਗਤਾਂ ਨੂੰ ਤਾਰਦੇ ਹੋਏ ਆਪ ਦਿੱਲੀ ਪੁੱਜ ਗਏ । ਆਪ ਜੀ ਦਾ ਭਾਉ-ਭਾਵਨੀ ਸਹਿਤ ਸੁਆਗਤ ਕੀਤਾ ਗਿਆ । ਆਪ ਜੀ ਨੇ ਮਿਰਜ਼ਾ ਜੈ ਸਿੰਘ ਦੇ ਬੰਗਲੇ ਵਿਚ ਉਤਾਰਾ ਕੀਤਾ । ਇਸੇ ਅਸਥਾਨ ਤੇ ਅੱਜ ਗੁਰਦੁਆਰਾ ਬੰਗਲਾ ਸਾਹਿਬ ਸਥਿਤ ਹੈ । ਔਰੰਗਜ਼ੇਬ ਸਤਿਗੁਰਾਂ ਦੀ ਸ਼ੋਭਾ ਸੁਣ ਸੁਣ ਕੇ, ਉਨ੍ਹਾਂ ਦੇ ਤੇਜ ਪਰਤਾਪ ਤੇ ਰੂਹਾਨੀ ਬਖ਼ਸ਼ਸ਼ਾਂ ਦਾਂ ਵਿਸ਼ਵਾਸੀ ਹੋ ਚੁਕਾ ਸੀ । ਉਸ ਨੇ ਦਰਸ਼ਨਾਂ ਦੀ ਅਭਿਲਾਸ਼ਾ ਕੀਤੀ, ਪਰ ਆਪ ਨੇ ਇਨਕਾਰ ਕਰ ਦਿੱਤਾ । ਔਰੰਗਜ਼ੇਬ ਦੀ ਮਰਜ਼ੀ ਅਨੁਸਾਰ ਅਗਲੇ ਦਿਨ ਔਰੰਗਜ਼ੇਬ ਦਾ ਸ਼ਾਹਜ਼ਾਦਾ ਦਰਸ਼ਨਾਂ ਨੂੰ ਆਇਆ ਤਾਂ ਉਹ ਸਤਿਗੁਰਾਂ ਦੇ ਉਪਦੇਸ਼ ਸੁਣ ਕੇ ਗਦ ਗਦ ਹੋ ਗਿਆ ।

**ਪਰਖ ਤੇ ਪੂਰੇ ਉਤਰੇ**–ਔਰੰਗਜ਼ੇਬ ਨੇ ਮਿਰਜ਼ਾ ਜੈ ਸਿੰਘ ਦੁਆਰਾ, ਗੁਰੂ ਜੀ ਦੀ ਹੋਰ ਪਰਖ ਕਰਵਾਈ । ਰਾਜਾ ਜੈ ਸਿੰਘ ਦੇ ਪਰਵਾਰ ਦੀਆਂ ਇਸਤ੍ਰੀਆਂ ਤੇ ਗੋਲੀਆਂ ਨੂੰ ਕੱਪੜਿਆਂ ਤੇ ਗਹਿਣਿਆਂ ਨਾਲ ਰਾਣੀਆਂ ਵਾਂਗ ਸ਼ਿੰਗਾਰ ਕੇ ਪਟਰਾਣੀ ਸਮੇਤ ਬਿਠਾ ਦਿਤਾ ਗਿਆ । ਗੁਰੂ ਜੀ ਨੂੰ ਬੇਨਤੀ ਕੀਤੀ ਗਈ ਕਿ ਪਟਰਾਣੀ ਨੂੰ ਨਿਵਾਜੋ । ਅੰਤਰਜਾਮੀ ਘਟ ਘਟ ਦੇ ਜਾਨਣਹਾਰ ਸਤਿਗੁਰਾਂ ਨੇ ਪਟਰਾਣੀ ਦੇ ਸਿਰ ਤੇ ਹੱਥ ਜਾ ਰਖਿਆ ਅਤੇ ਗੋਦ ਵਿਚ ਬਿਰਾਜ ਗਏ । ਪਟਰਾਣੀ ਨੇ ਗੁਰੂ ਜੀ ਦੇ ਚਰਨਾਂ ਤੇ ਸੀਸ ਨਿਵਾਇਆ ਅਤੇ ਇਸ ਗੁਸਤਾਖੀ ਦੀ ਮਾਫ਼ੀ ਮੰਗੀ ।

**ਜਿਸ ਡਿਠੈ ਸਭ ਦੁਖ ਜਾਇ**–ਇਸ ਸਮੇਂ ਦਿੱਲੀ ਵਿਚ ਹੈਜ਼ੇ ਤੇ ਚੀਚਕ ਦੀਆਂ ਬਿਮਾਰੀਆਂ ਫੈਲ ਗਈਆਂ । ਬਹੁਤ ਲੁਕਾਈ ਮਰ ਰਹੀ ਸੀ । ਸੰਗਤਾਂ ਦੇ ਬੇਨਤੀ ਕਰਨ ਤੇ ਗੁਰੂ ਜੀ ਨੇ ਫੁਰਮਾਇਆ–

ਜੋ ਚਰਨਾਮ੍ਰਿਤ ਹਮਰਾ ਪੀਵੈ, ਸੋ ਜਨ ਤੁਰੰਤ ਰੋਗ ਬਿਨ ਥੀਵੈ । [ਪੰਥ ਪ੍ਰਕਾਸ਼, ਪੰਨਾ ੧੫੫
ਸੁਨ ਸੰਗਤ ਨੇ ਵਹੀ ਕਮਾਯੋ । ਬਚਿਓ ਜਿਨ ਚਰਨਾਮ੍ਰਿਤ ਪਾਯੋ ।
ਰੋਰ ਪਰਾ ਸਭ ਸ਼ਹਿਰ ਮਝਾਰੀ । ਪਰਜੋ ਬਹੀਰ ਖਲਕ ਕਾ ਭਾਰੀ ।
ਜੈ ਸਿੰਘ ਚਾਬੱਚੇ ਭਰਵਾਏ । ਉਨ ਹੀ ਮੈ ਗੁਰ ਚਰਨ ਧੁਆਏ ।
ਜਿਨੈ ਚਾਬੱਚੇ ਕਾ ਜਲ ਪੀਓ । ਸੋਊ ਬਚਿਓ ਗੁਰੁ ਜਸ ਬਡ ਥੀਓ । (ਉਹੀ)

ਇਹ ਚਬੱਚੇ ਅਜ ਵੀ ਗੁ: ਬੰਗਲਾ ਸਾਹਿਬ ਦੇ ਬਾਹਰਵਾਰ ਅਣਗਿਣਤ ਰੋਗੀਆਂ ਨੂੰ ਰਾਹਤ ਦੇ ਰਹੇ ਹਨ ।

**ਜੋਤਿ ਜੋਤਿ ਸਮਾਉਣਾ**–ਹਿੰਦੂ ਮੁਸਲਮਾਨ ਰੋਗੀ, ਬਿਨਾਂ ਕਿਸੇ ਭਿੰਨ-ਭੇਦ ਦੇ ਗੁਰੂ ਜੀ ਦੇ ਸ਼ਰਧਾਲੂ ਬਣੇ । ਉਹਨਾਂ ਦੇ ਪਵਿੱਤਰ ਚਰਨਾਂ ਦੀ ਈਸ਼ਵਰੀ ਛੋਹ ਪ੍ਰਾਪਤ ਕਰਦੇ ਅਤੇ ਨਿਹਾਲ ਨਿਹਾਲ ਹੁੰਦੇ । ਪ੍ਰਾਣੀ ਮਾਤਰ ਦੀ ਸੇਵਾ ਕਰਦਿਆਂ ਨੂੰ ਆਪ ਵੀ ਇਸੇ ਰੋਗ ਨੇ ਆ ਗ੍ਰਸਿਆ । ਆਪ ਜੀ ਨੇ ਰਾਜਾ ਜੈ ਸਿੰਘ ਦਾ ਬੰਗਲਾ ਛਡ ਦਿਤਾ ਅਤੇ ਜਮਨਾ ਦੇ ਕੰਢੇ ਇਕ ਵਿਸ਼ਾਲ ਅਸਥਾਨ ਤੇ ਸਿੱਖ ਸੰਗਤਾਂ ਸਹਿਤ ਜਾ ਡੇਰਾ ਕੀਤਾ । ਉਥੇ ਹੀ ਆਪਣੇ ਮਾਤਾ ਜੀ ਤੇ ਸਿਖ ਸੰਗਤਾਂ ਨੂੰ ਭਾਣਾ ਮੰਨਣ ਦਾ ਉਪਦੇਸ਼ ਦਿੰਦੇ ਹੋਏ ਜੋਤੀ ਜੋਤਿ ਸਮਾ ਗਏ । ਅੰਤ ਸਮੇਂ ਮੁਖੀ ਸਿੱਖਾਂ ਨੇ ਬੇਨਤੀ ਕੀਤੀ, "ਮਹਾਰਾਜ, ਸਾਨੂੰ ਕਿਸ ਦੇ ਲੜ ਲਾ ਚਲੇ ?" ਤਾਂ ਅਰਥ-ਭਰਪੂਰ ਉਤਰ ਮਿਲਿਆ, "ਬਾਬਾ ਬਕਾਲੇ ।" ਜਮਨਾ ਦੇ ਕੰਢੇ, ਭੋਗਲ ਪਿੰਡ ਦੇ ਨੇੜੇ ਆਪ ਦਾ ਅੰਤਮ ਸਸਕਾਰ ਕੀਤਾ ਗਿਆ । ਹੁਣ ਉਸ ਥਾਂ ਤੇ ਗੁਰਦੁਆਰਾ "ਬਾਲਾ ਸਾਹਿਬ" ਸਥਿਤ ਹੈ । ਬੋਲੋ ਜੀ, ਵਾਹਿਗੁਰੂ ।

www.AKJ.Org

# ਗੁਰੂ ਹਰਿਕ੍ਰਿਸ਼ਨ ਜੀ ਦੀ ਪ੍ਰਤਿੱਭਾ

[ਪ੍ਰੋਫੈਸਰ ਜੋਗਿੰਦਰ ਸਿੰਘ ਜੀ, ਮੈਂਬਰ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ]

ਗੁਰੂ-ਜੀਵਨ ਤੇ ਗੁਰੂ-ਕਾਲ ਵਿਚ 'ਗੁਰੂ ਹਰਿਕ੍ਰਿਸ਼ਨ ਜੀ ਦੀ ਪ੍ਰਤਿੱਭਾ' ਭਾਵੇਂ ਉਮਰ ਦੀ ਦ੍ਰਿਸ਼ਟੀ ਤੋਂ ਸਭ ਤੋਂ ਛੋਟੀ ਤੇ ਕੇਵਲ ਤਿੰਨ ਸਾਲ ਗੁਰੂ-ਸਿੰਘਾਸਣ ਉਤੇ ਬੈਠ ਕੇ ਆਪਣਾ ਗੁਰੂ-ਕਰਤੱਵ ਉਜਾਗਰ ਕਰਨ ਵਾਲੀ ਹੈ, ਪਰ ਉਨ੍ਹਾਂ ਦਾ ਸਮਕਾਲੀ ਜੀਵਨ ਉਤੇ 'ਪ੍ਰਭਾਵ' ਬੜਾ ਡੂੰਘਾ ਤੇ ਵਿਆਪਕ ਹੈ। ਗੁਰੂ-ਜੀਵਨ ਵਿਚ ਗੁਰੂ ਹਰਿਕ੍ਰਿਸ਼ਨ ਜੀ ਦਾ ਸਮਾਂ ੧੬੫੬ ਤੋਂ ਲੈ ਕੇ ੧੬੬੪ ਈ: ਤਕ ਦਾ ਹੀ ਬਣਦਾ ਹੈ। ੧੬੬੧ ਈ: ਤੋਂ ੧੬੬੪ ਈ: ਤਕ, ਤਿੰਨ ਸਾਲ ਗੁਰੂ-ਸਿੰਘਾਸਣ ਉਤੇ ਬੈਠ ਕੇ, ਗੁਰੂ-ਪ੍ਰੰਪਰਾ ਅਨੁਸਾਰ, ਨਿਰਭਉ ਤੇ ਵੈਰ-ਮੁਕਤ ਬਿਰਤੀ ਨਾਲ ਜਿਹੜਾ ਗੁਰੂ-ਕਰਤੱਵ ਨਿਭਾਇਆ ਹੈ, ਉਹ ਇੰਨਾ ਸਾਰਥਿਕ, ਸਰਬ ਸੁਖਦਾਇਕ ਤੇ ਸਰਬੱਤ ਦੇ ਭਲੇ ਵਾਲਾ ਹੈ ਕਿ ਸਹਿਜੇ ਹੀ ਗੁਰੂ ਹਰਿਕ੍ਰਿਸ਼ਨ ਜੀ ਦੀ ਪ੍ਰਤਿੱਭਾ ਵੱਡੀ ਵੱਡੀ ਜਾਪਣ ਲਗ ਪੈਂਦੀ ਹੈ।

ਗੁਰੂ-ਦ੍ਰਿਸ਼ਟੀ ਵਿਚ ਵੱਡਾ ਉਹ ਨਹੀਂ, ਜਿਸ ਦੀ ਉਮਰ ਵੱਡੀ ਹੈ, ਜਾਂ ਮਾਇਆ ਦਾ ਅਧਿਕਾਰ ਵੱਡਾ ਹੈ। ਉਮਰ ਤੇ ਮਾਇਆ ਦਾ ਗੁਰੂ-ਜੀਵਨ ਵਿਚ ਕੋਈ ਮਹੱਤਵ ਨਹੀਂ ਅਤੇ ਨਾ ਹੀ ਕੋਈ ਸਾਰਥਿੱਕਤਾ ਹੈ। ਉਂਜ 'ਮਾਇਆ' ਦਾ ਅਧਿਕਾਰ ਤਾਂ ਬੜਾ ਵੱਡਾ ਹੈ—ਰਿਸ਼ਵਤ ਤੇ ਕੁਰੱਪਸ਼ਨ ਦੇ ਜਗਤ ਵਿਚ ਮਾਇਆ ਨਾਲ ਹਰ ਕੰਮ ਦੀ ਪੂਰਤੀ ਕੀਤੀ ਜਾ ਸਕਦੀ ਹੈ, ਪਰ ਗੁਰੂ ਤੇ ਧਰਮ-ਦ੍ਰਿਸ਼ਟੀ ਵਿਚ 'ਮਾਇਆ' ਨਾਲ ਹਉਮੈ ਤੇ ਅਭਿਮਾਨ ਹੀ ਜੁੜਿਆ ਹੋਇਆ ਹੈ। ਮਾਇਆ ਦਾ ਆਖ਼ਰੀ ਪ੍ਰਭਾਵ ਮਨੁੱਖ ਨੂੰ ਧਰਮ-ਭਾਵਨਾ ਨਾਲੋਂ ਤੋੜ ਕੇ, ਉਸ ਨੂੰ ਅਭਿਮਾਨੀ ਤੇ ਕ਼ਪਟੀ ਸਿਰਜਨਾ ਹੀ ਹੁੰਦਾ ਹੈ। ਕਿਉਂਕਿ ਮਾਇਆ ਦੀ ਹੋਂਦ ਪਾਪਾਂ ਬਿਨਾਂ ਸਥਾਪਿਤ ਨਹੀਂ ਹੁੰਦੀ। ਪਾਪ ਤੇ ਧਰਮ ਦੋ ਵਿਰੋਧੀ ਤੱਤ ਹਨ।

ਜਿਥੇ ਸੱਚ, ਸੰਤੋਖ, ਨਾਮ-ਸਿਮਰਨ, ਸਹਿਜ ਤੇ ਅਨੰਦ ਦਾ ਪਾਸਾਰ ਹੈ, ਉਥੇ ਉਮਰ ਤੇ ਮਾਇਆ ਦੀ ਨਾ ਪਰਵਾਹ ਹੈ ਅਤੇ ਨਾ ਹੀ ਮੁਹਤਾਜਗੀ। ਗੁਰੂ ਹਰਿਕ੍ਰਿਸ਼ਨ ਜੀ ਦੀ ਉਮਰ ਭਾਵੇਂ ਛੋਟੀ ਹੈ, ਪਰ ਗੁਰੂ-ਪਰੰਪਰਾ ਵਿਚੋਂ ਜਿਹੜਾ ਸੱਚ, ਸੰਤੋਖ, ਨਾਮ-ਸਿਮਰਨ, ਸਹਿਜ ਤੇ ਅਨੰਦ ਉਨ੍ਹਾਂ ਨੂੰ ਪ੍ਰਾਪਤ ਹੋਇਆ ਹੈ, ਉਸ ਨਾਲ ਉਨ੍ਹਾਂ ਦੀ ਪ੍ਰਤਿੱਭਾ ਇੰਨੀ ਵੱਡੀ ਵੱਡੀ ਹੋ ਗਈ ਹੈ ਕਿ ਲੋਕਾਂ ਦਾ ਦੁਖ, ਕਲੇਸ਼ ਤੇ ਸੰਕਟ ਨਵਿਰਤ ਕਰਦਿਆਂ ਨਾ ਉਨ੍ਹਾਂ ਨੂੰ ਆਪਣੇ ਆਪੇ ਦੀ ਪਰਵਾਹ ਹੈ, ਅਤੇ ਨਾ ਹੀ ਕਿਸੀ ਸਰਕਾਰ ਜਾਂ ਮਾਇਆਧਾਰੀ ਦੀ ਮੁਹਤਾਜਗੀ ਹੈ। ਬਾਲ-ਉਮਰ ਵਿਚ ਗੁਰੂ ਹਰਿਕ੍ਰਿਸ਼ਨ ਜੀ ਦਾ ਜੋ ਪ੍ਰਤਾਪ ਤੇ ਪ੍ਰਭਾਵ ਉਜਾਗਰ ਹੋਇਆ ਹੈ,ਉਹ ਨਿਸਚੇ ਹੀ ਗੁਰੂ ਹਰਿਕ੍ਰਿਸ਼ਨ ਜੀ ਦੀ ਪ੍ਰਤਿੱਭਾ ਨੂੰ ਸਚਿਆਰ, ਨਿਰਭਉ, ਵੈਰ-ਮੁਕਤ ਤੇ ਸਮਰੱਥ ਸਿਰਜਦਾ ਹੈ।

ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਦਾ ਸਾਰਾ ਜੀਵਨ——ਜਨਮ ਤੋਂ ਜੋਤੀ ਜੋਤਿ ਸਮਾਉਣ ਤਕ——ਭਾਵੇਂ ਅੱਠ ਸਾਲ ਦਾ ਹੀ ਬਣਦਾ ਹੈ, ਪਰ ਜਿਵੇਂ ਉਹਨਾਂ ਨੇ ਨਿਰਭਉ ਤੇ ਵੈਰ-ਮੁਕਤ ਹੋ ਕੇ ਗੁਰੂ-ਸਿਧਾਂਤਾਂ ਤੇ ਗੁਰੂ-ਆਦਰਸ਼ਾਂ ਦੇ 'ਸੱਚ' ਦਾ ਪ੍ਰਗਟਾਵਾ ਕੀਤਾ ਹੈ, ਨਾਮ-ਸਿਮਰਨ, ਸਹਿਜ ਤੇ ਅਨੰਦ ਦੇ ਰਸ-ਰੰਗ ਵਿਚ ਵਿਚਰਦਿਆਂ ਆਪਣੀ ਬੇ-ਪਰਵਾਹ ਤੇ ਬੇ-ਮੁਹਤਾਜ ਬਿਰਤੀ ਦਾ ਪ੍ਰਗਟਾਵਾ ਕੀਤਾ ਹੈ, ਉਸ ਨਾਲ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਬੜੀ ਬਲਬੀਰ ਤੇ ਸਿਰੜੀ ਪ੍ਰਤਿੱਭਾ ਦੇ ਸੁਆਮੀ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਇਹ ਇਤਿਹਾਸਕ ਸੱਚ ਹੈ ਕਿ ਗੁਰੂ ਹਰਿਕ੍ਰਿਸ਼ਨ ਜੀ ਬਾਲ ਉਮਰ ਤੋਂ ਹੀ ਆਪਣੇ ਗੁਰੂ-ਪਿਤਾ ਦੀ ਸੰਗਤ ਵਿਚ ਰਹੇ। ਜਿਵੇਂ ਗੁਰੂ-ਦਰਬਾਰ ਵਿਚ ਨਿਤ ਨੇਮ ਅਨੁਸਾਰ ਬਾਣੀ-ਪਾਠ ਹੁੰਦਾ ਸੀ, ਗੁਰੂ ਹਰਿਕ੍ਰਿਸ਼ਨ ਜੀ ਵੀ ਗੁਰੂ-ਸੰਗਤ ਵਿਚ ਬੈਠ ਬਾਣੀ-ਪਾਠ ਕਰਦੇ ਵੀ ਤੇ ਸੁਣਦੇ ਵੀ। ਗੁਰਬਾਣੀ ਤੇ ਸੰਗਤ ਵਿਚ ਸਦਾ ਸਮਰੱਥਾ ਰਹੀ ਹੈ——ਮਨੁੱਖ ਦੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਨੂੰ ਅਧਿਆਤਮਿਕ ਰੂਪ ਵਿਚ ਘੜਨ ਦੀ। ਗੁਰੂ-ਸੰਗਤ ਤੇ ਗੁਰੂ-ਬਾਣੀ ਦੇ ਪਾਠ, ਦਰਸ਼ਨ ਤੇ ਦੀਦਾਰ ਸਦਕਾ ਪੰਜ ਸਾਲ ਦੇ ਵਿਚ ਵਿਚ ਹੀ ਗੁਰੂ ਹਰਿਕ੍ਰਿਸ਼ਨ ਜੀ ਦੀ 'ਪ੍ਰਤਿੱਭਾ' ਘੜੀ ਜਾਂਦੀ ਹੈ। ਕੂੜ, ਭਰਮ, ਪਾਖੰਡ, ਕਪਟ ਤੇ ਦ੍ਵੈਤ ਦਾ ਹਨੇਰਾ ਸਹਿਜੇ ਹੀ ਮੁਕ ਜਾਂਦਾ ਹੈ। ਅੰਦਰ-ਬਾਹਰ ਨਿਰਮਲ ਗਿਆਨ ਨਾਲ ਸ਼ਿੰਗਾਰਿਆ ਤੇ



www.AKJ.Org

ਸੰਵਾਰਿਆ ਜਾਂਦਾ ਹੈ।

ਗੁਰੂ ਹਰਿਕ੍ਰਿਸ਼ਨ ਜੀ ਦੀ ਪ੍ਰਤਿੱਭਾ ਬਾਲ-ਉਮਰ ਤੋਂ ਹੀ ਬਿਬੇਕ-ਗਿਆਨ ਵਲ ਰੁਚਿਤ ਸੀ। ਜਿਹੜਾ ਜਨਮ ਤੋਂ ਹੀ ਬਿਬੇਕ-ਗਿਆਨ ਵਲ ਰੁਚਿਤ ਹੋਵੇ, ਨਾਲ ਗੁਰਬਾਣੀ ਤੇ ਸੰਗਤ ਦੀ ਸਾਂਝ ਹੋਵੇ, ਨਿਆਂ ਤੇ ਧੀਰਜ ਸਹਿਜੇ ਹੀ ਉਸ ਦੇ ਗੁਣ-ਸ਼ਿੰਗਾਰ ਹੋ ਜਾਂਦੇ ਹਨ। ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਹਾਲਾਂ ਗੁਰੂ-ਜੋਤਿ ਦੇ ਅਧਿਕਾਰੀ ਨਹੀਂ ਬਣੇ ਅਤੇ ਨਾ ਹੀ ਗੁਰੂ-ਸਿੰਘਾਸਣ ਉਤੇ ਬਿਰਾਜਮਾਨ ਹੋਏ ਹਨ, ਪਰ ਉਹਨਾਂ ਦੀ ਗੁਣ-ਰਾਸਿ, ਸੇਵਾ ਤੇ ਉਪਕਾਰ, ਨਿਮ੍ਰਤਾ ਤੇ ਨਿਆਂ, ਸਮਰਪਿਤ ਤੇ ਸੁਤੰਤਰ ਬਿਰਤੀ ਦਾ ਇੰਨਾ ਜੱਸ ਹੁੰਦਾ ਹੈ ਕਿ ਕੇਵਲ ਕੀਰਤਪੁਰ ਹੀ ਨਹੀਂ, ਸਮੁੱਚਾ ਪੰਜਾਬ ਵੀ ਗੁਰੂ ਹਰਿਕ੍ਰਿਸ਼ਨ ਜੀ ਦੀ ਪ੍ਰਤਿੱਭਾ ਤੇ ਪ੍ਰਭਾਵ ਪ੍ਰਤੀ ਚੇਤੰਨ ਹੋ ਜਾਂਦਾ ਹੈ।

ਪਿਤਾ-ਗੁਰੂ ਹਰਿਰਾਇ ਸਾਹਿਬ ਵਾਸਤੇ ਰਾਮਰਾਏ ਤੇ ਹਰਿਕ੍ਰਿਸ਼ਨ ਦੋਵੇਂ ਸਪੁੱਤਰ ਸਨ, ਪਰ ਦੋਹਾਂ ਦੀ 'ਪ੍ਰਤਿੱਭਾ-ਸਿਰਜਨਾ' ਵਿਚੋਂ ਜਿਹੜਾ ਅੰਤਰ ਸਪਸ਼ਟ ਹੋ ਰਿਹਾ ਸੀ ਕਿ 'ਰਾਮ ਰਾਏ' ਦੁਨਿਆਵੀ ਸ਼ਕਤੀਆਂ ਵਲ ਰੁਚਿਤ ਸੀ ਤੇ ਸ੍ਰੀ 'ਹਰਿਕ੍ਰਿਸ਼ਨ' ਦੈਵੀ ਸ਼ਕਤੀ ਦੇ ਰੰਗ-ਰੱਸ ਵਿਚ ਭਿੱਜੇ ਹੋਏ ਸਨ। ਜਦੋਂ ਮੁਗਲ ਬਾਦਸ਼ਾਹ ਔਰੰਗ-ਜ਼ੇਬ ਨੇ ਗੁਰੂ-ਦਰਬਾਰ ਦੀ ਪ੍ਰਤਿੱਭਾ ਤੇ ਪ੍ਰਭਾਵ ਨੂੰ ਨੀਵਾਂ ਦਿਖਾਣ ਵਾਸਤੇ ਜਾਂ ਪ੍ਰਾਧੀਨ ਰੱਖਣ ਵਾਸਤੇ ਗੁਰੂ ਹਰਿਰਾਇ ਸਾਹਿਬ ਨੂੰ ਦਿੱਲੀ ਸੱਦ ਬੁਲਾਇਆ, ਤਾਂ ਵੱਡਾ ਹੋਣ ਕਰਕੇ, ਉਹਨਾਂ ਨੇ ਸਹਿਜ ਸੁਭਾ, ਰਾਮ ਰਾਏ ਨੂੰ, ਕੁਝ ਗੁਰੂ-ਸਿਧਾਂਤ ਤੇ ਕੁਝ ਗੁਰੂ ਆਦਰਸ਼ ਸਮਝਾ-ਬੁਝਾ ਕੇ ਦਿੱਲੀ ਔਰੰਗਜ਼ੇਬ ਕੋਲ ਭੇਜ ਦਿੱਤਾ। ਰਾਮਰਾਏ ਚੂੰਕਿ ਅੰਦਰੋਂ-ਬਾਹਰੋਂ ਦੁਨਿਆਵੀ ਬਿਰਤੀ ਵਾਲਾ ਸੀ, ਇਸ ਲਈ ਉਹ ਗੁਰੂ-ਆਦਰਸ਼ਾਂ ਨੂੰ ਭੁਲ ਸ਼ਾਹੀ ਸੁਖ-ਸੰਪਤੀ ਵਿਚ ਵਿਹਾਜਿਆ ਗਿਆ। ਜੇ ਔਰੰਗਜ਼ੇਬ ਨੇ ਕਰਾਮਾਤਾਂ ਦਿਖਾਉਣ ਵਾਸਤੇ ਕਿਹਾ ਤਾਂ ਰਾਮ ਰਾਏ ਨੇ ਇਕ ਨਹੀਂ, ੭੨ ਕਰਾਮਾਤਾਂ ਦਿਖਾਈਆਂ। ਜੇ ਬਾਣੀ ਦੀ ਸਾਰਥਿਕਤਾ ਨੂੰ ਔਰੰਗਜ਼ੇਬ ਨੇ ਵੰਗਾਰਿਆ ਤਾਂ ਰਾਮ ਰਾਏ ਨੇ ਬਾਣੀ ਦੀ ਸਾਰਥਿੱਕਤਾ ਨੂੰ ਸਥਾਪਤ ਕਰਨਾ ਕੀ, ਸਾਰੀ ਤੁਕ ਬਦਲ ਕੇ ਬਾਣੀ ਨੂੰ 'ਅਰਥ-ਹੀਣ' ਸਾਬਤ ਕੀਤਾ।

ਗੁਰੂ-ਪਰੰਪਰਾ ਤੇ ਗੁਰੂ-ਦਰਬਾਰ ਸਾਰੇ ਜਗਤ ਵਿਚ ਇਸ ਕਰਕੇ ਪ੍ਰਸਿੱਧ ਸੀ, ਕਿ ਇਥੇ ਹਰ ਸੰਕਟ ਵਿਚ ਵੀ ਸੱਚ, ਪ੍ਰੇਮ, ਅਣਖ ਤੇ ਆਜ਼ਾਦੀ ਦੀ ਭਾਵਨਾ ਨੂੰ ਸਦਾ ਪਾਲਿਆ ਤੇ ਸੰਭਾਲਿਆ ਗਿਆ; ਲਾਲਚ, ਡਰ ਤੇ ਪ੍ਰਾਧੀਨਤਾ ਨੂੰ ਦੁਰਕਾਰਿਆ ਤੇ ਤ੍ਰਿਸਕਾਰਿਆ ਗਿਆ ਹੈ। ਬਾਦਸ਼ਾਹ ਔਰੰਗਜ਼ੇਬ ਸਨਮੁਖ ਰਾਮ ਰਾਏ ਨੇ ਜਿਸ ਆਚਾਰ ਤੇ ਵਿਹਾਰ ਦਾ ਪ੍ਰਗਟਾਵਾ ਕੀਤਾ, ਉਹ ਇੰਨਾ ਨੀਵਾਂ, ਬੱਲ-ਹੀਣ, ਲਾਲਚੀ ਤੇ ਪ੍ਰਾਧੀਨਤਾ ਵਾਲਾ ਸੀ ਕਿ ਗੁਰੂ ਹਰਿਰਾਇ ਸਾਹਿਬ ਕੀ, ਕਿਸੇ ਸਿੱਖ ਨੇ ਵੀ ਰਾਮ ਰਾਏ ਦੀ ਇਸ ਪਸ਼ੂ-ਕਰਤੂਤ ਨੂੰ ਪਸੰਦ ਨਾ ਕੀਤਾ। ਪਿਤਾ ਗੁਰੂ ਨੂੰ ਰਾਮ ਰਾਏ ਪ੍ਰਤੀ ਰੋਸ ਵੀ ਸੀ ਤੇ ਗੁੱਸਾ ਵੀ ਸੀ। ਖ਼ਾਸ ਕਰਕੇ 'ਬਾਣੀ' ਦੀ ਤੁਕ ਬਦਲਣ ਕਾਰਨ ਤਾਂ ਗੁਰੂ ਹਰਿਰਾਇ ਜੀ ਨੇ ਆਪਣੇ ਪੁੱਤਰ ਰਾਮ ਰਾਏ ਨੂੰ ਮਿਲਣ ਤੋਂ ਵੀ ਦੁਰਕਾਰ ਦਿੱਤਾ। ਅਖ਼ੀਰ ਇਥੋਂ ਤਕ ਵੀ ਆਖ ਦਿੱਤਾ ਕਿ ਕੀਰਤਪੁਰ ਵਾਪਸ ਆਉਣ ਦੀ ਲੋੜ ਨਹੀਂ, ਸ਼ਾਹੀ ਦਰਬਾਰ ਵਿਚ ਰਹਿ ਜਾਂ ਜਿੱਧਰ ਤੇਰਾ ਦਿਲ ਕਰੇ, ਚਲਾ ਜਾ। ਪਿਤਾ ਗੁਰੂ ਹਰਿਰਾਇ ਸਾਹਿਬ ਨੇ ਬਿਨਾਂ ਔਰੰਗਜ਼ੇਬ ਦੀ ਪਰਵਾਹ ਕੀਤਿਆਂ ਦੇ ਸੰਗਤਾਂ ਨੂੰ ਇਹ ਵੀ ਆਦੇਸ਼ ਅਤੇ ਸੰਦੇਸ਼ ਭੇਜੇ ਕਿ ਰਾਮ ਰਾਏ ਦੀ ਕਾਲੀ ਕਰਤੂਤ ਸਦਕਾ ਕੋਈ ਵੀ ਸਿੱਖ ਉਸ ਨੂੰ ਮੂੰਹ ਨਾ ਲਾਏ। ਇਹੀ ਇਕ ਕਾਰਨ ਹੈ, ਕਿ ਪਿਛਲੇ ਤਿੰਨ ਸੌ ਸਾਲਾਂ ਤੋਂ ਗੁਰੂ ਨੇ ਕੀ, ਸਮੁੱਚੇ ਸਿੱਖ ਪੰਥ ਨੇ 'ਰਾਮ ਰਾਈਆਂ' ਨੂੰ ਫਿਟਕਾਰਿਆ ਹੋਇਆ ਹੈ। ਰਾਮ ਰਾਏ ਬਾਰੇ ਅਜਿਹਾ ਨਿਰਣਾ ਲੈਣਾ, ਵਿਸ਼ੇਸ਼ ਤੌਰ ਤੇ ਉਸ ਵੇਲੇ, ਜਦੋਂ ਉਹ ਸ਼ਾਹੀ ਦਰਬਾਰ ਦਾ ਪ੍ਰਸੰਸਕ ਤੇ ਹੱਥ-ਠੋਕਾ ਬਣਿਆ ਹੋਵੇ, ਨਿਸ਼ਚੇ ਹੀ ਇਹ ਇਕ ਪ੍ਰਮਾਣ ਹੈ ਕਿ 'ਗੁਰੂ-ਦਰਬਾਰ' ਹਮੇਸ਼ਾ ਮੌਲਿਕ, ਸੁਤੰਤਰ ਤੇ ਸਿਰਜਨਾਤਮਿਕ ਸੋਚਣੀ ਦਾ ਧਾਰਨੀ ਰਿਹਾ ਹੈ।

ਗੁਰੂ ਹਰਿਕ੍ਰਿਸ਼ਨ ਜੀ ਦੀ ਉਮਰ ਹਾਲਾਂ ਪੰਜ ਸਾਲ ਦੀ ਹੀ ਸੀ, ਪਰ ਉਹਨਾਂ ਦੀ 'ਪ੍ਰਤਿੱਭਾ' ਬਿਰਧ ਗਿਆਨ ਨਾਲ ਸ਼ਿੰਗਾਰੀ, ਸੇਵਾ-ਭਾਵੀ ਤੇ ਸੁਹਜਾਤਮਿਕ ਹੋਣ ਕਰਕੇ ਇੰਨੀ ਪਰਵਾਨਿਤ ਹੋਈ ਕਿ ਪਿਤਾ ਗੁਰੂ ਹਰਿਰਾਇ ਸਾਹਿਬ ਨੇ ਜੇ ਰਾਮ ਰਾਏ ਪ੍ਰਤੀ ਇਹ ਆਖਿਆ ਕਿ ਇਸ ਨੂੰ ਕੋਈ ਸਿੱਖ ਨਾ ਮਿਲੇ, ਤਾਂ ਗੁਰੂ ਹਰਿਕ੍ਰਿਸ਼ਨ ਜੀ ਪ੍ਰਤੀ ਆਪ ਹੀ ਆਖਿਆ ਕਿ ਜਿਹੜਾ ਸਿੱਖ ਇਨ੍ਹਾਂ ਨੂੰ ਮਿਲੇਗਾ, ਉਸ ਦੇ ਦੁਖ ਤੇ ਕਲੇਸ਼ ਸਭ ਮਿਟ ਜਾਣਗੇ।


www.AKJ.Org

ਪਿਤਾ ਗੁਰੂ ਦੇ ਇਸ ਵਾਕ ਤੇ ਆਦੇਸ਼ ਨਾਲ ਗੁਰੂ ਹਰਿਕ੍ਰਿਸ਼ਨ ਜੀ ਦੀ ਪ੍ਰਤਿੱਭਾ ਦਾ ਪ੍ਰਭਾਵ ਹੋਰ ਵੀ ਵੱਧ ਗਿਆ।

ਸੇਵਾ-ਭਾਵੀ ਤੇ ਦੈਵੀ ਪ੍ਰਤਿੱਭਾ ਦੇ ਪ੍ਰਭਾਵ ਕਾਰਨ ਹੀ ਗੁਰੂ ਹਰਿਰਾਇ ਸਾਹਿਬ ਨੇ ਆਪਣੀ ਜੋਤਿ ਦਾ ਅਧਿਕਾਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਨਿਯੁਕਤ ਕੀਤਾ ਸੀ। ਗੁਰੂ ਹਰਿਕ੍ਰਿਸ਼ਨ ਜੀ ਨੇ ਵੀ ਗੁਰੂ-ਸਿੰਘਾਸਣ ਉਤੇ ਬੈਠ ਕੇ, ਆਪਣੀਆਂ ਪਹਿਲੀਆਂ ਗੁਰੂ-ਸ਼ਖਸੀਅਤਾਂ ਵਾਂਗ ਹੀ ਬੜੀ ਨਿਡਰਤਾ ਤੇ ਬੀਰਤਾ ਨਾਲ ਬਾਣੀ-ਸਿਧਾਂਤਾਂ ਦਾ ਪ੍ਰਚਾਰ ਵੀ ਕੀਤਾ ਤੇ ਗੁਰੂ-ਆਦਰਸ਼ਾਂ ਉਤੇ ਪਹਿਰਾ ਵੀ ਦਿੱਤਾ। ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਨੇ ਵੀ ਆਪਣੇ ਪਿਤਾ-ਗੁਰੂ ਵਾਂਗ ਕੀਰਤਪੁਰ ਦੀ ਕਰਤਾਰੀ ਧਰਤੀ ਨੂੰ ਹੀ ਆਪਣਾ ਨਿਵਾਸ-ਸਥਾਨ ਤੇ ਗੁਰਗੱਦੀ ਕੇਂਦਰ ਬਣਾਈ ਰਖਿਆ।

ਗੁਰੂ ਦੀ ਬਾਲ ਉਮਰ ਹੋਣ ਕਰਕੇ ਸ਼ਾਹੀ ਦਰਬਾਰ ਦੀਆਂ ਸੋਚਾਂ ਵਿਚ ਖ਼ੁਸ਼ੀ ਵੀ ਸੀ ਤੇ ਤੀਬਰਤਾ ਵੀ ਸੀ, ਤੇ ਕਲਪਨਾ ਇਹ ਸੀ ਕਿ ਇਨਨੂੰ ਬਿਨਾਂ ਕਿਸੇ ਸੰਘਰਸ਼ ਜਾਂ ਸੰਗ੍ਰਾਮ ਦੇ 'ਪ੍ਰਾਧੀਨ' ਬਣਾਇਆ ਜਾ ਸਕਦਾ ਹੈ। ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਮਿਲਣ ਕਾਰਨ ਰਾਮ ਰਾਏ ਦੀ ਤ੍ਰਿਸ਼ਨਾ-ਅੱਗ ਹੋਰ ਭਾਂਬੜ ਰੂਪ ਵਿਚ ਬਲਣ ਲਗੀ। ਉਸਨੇ ਸ਼ਾਹੀ ਦਰਬਾਰ ਤੇ ਗੁਰੂ-ਵਿਰੋਧੀ ਮਸੰਦਾਂ ਨੂੰ ਵੀ ਬੜਾ ਭੜਕਾਇਆ ਕਿ ਗੁਰ-ਗੱਦੀ ਉਤੇ ਉਸ ਦਾ ਹੱਕ ਸੀ ਤੇ ਉਸ ਨੂੰ ਦਿਵਾਈ ਜਾਵੇ।

ਗੁਰੂ ਹਰਿਕ੍ਰਿਸ਼ਨ-ਪਾਤਸ਼ਾਹ ਦਾ ਆਪਣਾ ਪ੍ਰਭਾਵ ਵੀ ਲੋਕ-ਜੀਵਨ ਵਿਚ ਡੂੰਘੀਆਂ ਜੜ੍ਹਾਂ ਬਣਾ ਚੁਕਾ ਸੀ, ਗੁਰੂ-ਗੱਦੀ ਉਤੇ ਬੈਠਣ ਨਾਲ ਤਾਂ ਸਮੁੱਚਾ ਸਿੱਖ ਸਮਾਜ ਵੀ ਉਹਨਾਂ ਦੀ ਪ੍ਰਤਿੱਭਾ ਉਤੇ ਕੇਂਦਰਿਤ ਹੋ ਗਿਆ। ਗੁਰੂ ਤੇ ਸਿੱਖਾਂ ਦੀ ਏਕਤਾ ਨਾਲ ਗੁਰੂ-ਦਰਬਾਰ ਦੇ ਪਾਠ, ਦਰਸ਼ਨ ਤੇ ਦੀਦਾਰ ਦਾ ਪ੍ਰੋਗਰਾਮ ਤਾਂ ਪਹਿਲੇ ਵਾਂਗ ਹੀ ਨਿਰੰਤਰ ਚਲਦਾ ਰਿਹਾ, ਪਰ ਗੁਰੂ ਹਰਿਕ੍ਰਿਸ਼ਨ ਜੀ ਦੇ ਗੁਰਗੱਦੀ ਉਤੇ ਬੈਠਣ ਨਾਲ ਹਰ ਪਾਸੇ ਇਸ ਤਰ੍ਹਾਂ ਮਹਿਸੂਸ ਕੀਤਾ ਗਿਆ ਕਿ 'ਬੱਲ-ਬੀਰਤਾ' ਗੁਰੂ-ਦਰਬਾਰ ਵਿਚ ਕੇਂਦਰਿਤ ਹੋ ਗਈ ਹੈ। ਇਤਿਹਾਸ ਸਾਖੀ ਹੈ ਕਿ ਗੁਰੂ ਹਰਿਕ੍ਰਿਸ਼ਨ ਜੀ ਨੇ ਗੁਰੂ-ਗੱਦੀ ਦੀਆਂ ਜ਼ਿੰਮੇਵਾਰੀਆਂ ਨੂੰ ਸੰਭਾਲਣ ਦੇ ਨਾਲ ਨਾਲ ਸਰਬ ਸੁੱਖ ਤੇ ਸਰਬੱਤ ਦੇ ਭਲੇ ਵਾਸਤੇ ਕੀਰਤਪੁਰ ਵਿਚ ਹੀ ਇਕ 'ਦਵਾਖ਼ਾਨਾ' ਵੀ ਪ੍ਰਾਰੰਭ ਕੀਤਾ। ਦੁਖ-ਕਲੇਸ਼ਾਂ ਦੀ ਨਵਿਰਤੀ ਵਾਸਤੇ ਆਈਆਂ ਸੰਗਤਾਂ ਜਿਥੇ ਗੁਰੂ-ਦਰਸ਼ਨ-ਦੀਦਾਰ ਕਰ ਕੇ ਪ੍ਰਸੰਨ ਹੁੰਦੀਆਂ, ਉਥੇ ਦੁਆ-ਦਾਰੂ ਪ੍ਰਾਪਤ ਕਰ ਕੇ ਵੀ ਸਿਹਤ-ਮੰਦ ਹੁੰਦੀਆਂ। ਜਿਸ ਗੁਰੂ-ਦਰਬਾਰ ਵਿਚੋਂ 'ਉਧਾਰ' ਵਾਸਤੇ ਸਤੁ, ਸੰਤੋਖ ਤੇ ਅੰਮ੍ਰਿਤ-ਨਾਮ ਦੀ ਪ੍ਰਾਪਤੀ ਵੀ ਹੋਵੇ ਤੇ ਤਮ-ਸੰਸਾਰ ਦੇ ਦੁਖ-ਕਲੇਸ਼ਾਂ ਨੂੰ ਮਿਟਾਣ ਵਾਸਤੇ ਦਾਰੂ-ਵਰਦਾਨ ਵੀ ਮਿਲੇ, ਉਹ ਗੁਰੂ-ਦਰਬਾਰ ਤੇ ਸਿੱਖ-ਸੰਗਤ ਬੜੀ ਬਲਵਾਨ ਹੈ। ਗੁਰੂ ਹਰਿਕ੍ਰਿਸ਼ਨ ਜੀ ਦੀ ਪ੍ਰਤਿੱਭਾ ਨਿਸਚੇ ਹੀ ਬੜੀ ਬਲਵਾਨ ਸੀ।

ਗੁਰੂ ਹਰਿਕ੍ਰਿਸ਼ਨ ਜੀ ਦੀ ਪ੍ਰਤਿੱਭਾ ਜਿਉਂ ਜਿਉਂ ਲੋਕ-ਜੀਵਨ ਵਿਚ ਪਰਵਾਨ ਤੇ ਬਲਵਾਨ ਹੋ ਰਹੀ ਸੀ, ਤਿਉਂ ਤਿਉਂ ਔਰੰਗਜ਼ੇਬ ਦਾ ਡਰ ਤੇ ਭਰਮ ਵੱਧਦਾ ਜਾ ਰਿਹਾ ਸੀ। ਮੁਗਲ ਬਾਦਸ਼ਾਹ ਬਾਬਰ ਸੀ, ਜਹਾਂਗੀਰ ਜਾਂ ਸ਼ਾਹ-ਜਹਾਨ ਸੀ, ਹਰ ਮੁਗਲ ਬਾਦਸ਼ਾਹ ਦੇ ਅੰਤਰਗਤ 'ਗੁਰੂ ਤੇ ਗੁਰੂ ਦੇ ਦਰਬਾਰ' ਪ੍ਰਤੀ ਕੁਵੱਲੀ ਨਜ਼ਰ ਸੀ। ਉਹ ਹਰ ਹੀਲੇ, ਪਿਆਰ ਜਾਂ ਜ਼ੁਲਮ ਨਾਲ, ਗੁਰੂ ਪਰੰਪਰਾ ਨੂੰ ਨੀਵਾਂ ਤੇ ਪ੍ਰਾਧੀਨ ਰੱਖਣ ਦੇ ਹੀ ਇੱਛਕ ਸਨ। ਇਹੀ ਕਾਰਨ ਹੈ ਕਿ ਔਰੰਗਜ਼ੇਬ ਵੀ ਬਾਲ ਗੁਰੂ ਹਰਿਕ੍ਰਿਸ਼ਨ ਜੀ ਦੀ ਪ੍ਰਤਿੱਭਾ ਦੇ ਵਧ ਰਹੇ ਪ੍ਰਭਾਵ ਨੂੰ ਬਰਦਾਸ਼ਤ ਕਰਨ ਵਾਸਤੇ ਤਿਆਰ ਨਹੀਂ ਸੀ। ਔਰੰਗਜ਼ੇਬ ਨੂੰ ਮੁਗ਼ਲ ਕਾਲ ਦਾ ਇਕ ਜ਼ਾਲਮ ਬਾਦਸ਼ਾਹ ਸਵੀਕਾਰ ਕੀਤਾ ਜਾਂਦਾ ਹੈ। ਸਰਮਦ ਸੂਫੀ ਤੇ ਗੁਰੂ ਤੇਗ ਬਹਾਦਰ ਜੀ ਵਰਗੇ ਮਹਾਂਪੁਰਸ਼ਾਂ ਨੂੰ ਬਿਨਾਂ ਕਿਸੇ ਦੋਸ਼, ਇਸਲਾਮੀ ਤੁਅੱਸਬ ਅਧੀਨ ਸ਼ਹੀਦ ਕਰਨਾ, ਇਹ ਔਰੰਗਜ਼ੇਬ ਦਾ ਜਗਤ-ਪ੍ਰਸਿੱਧ ਜ਼ੁਲਮ ਹੈ, ਪਰ ਗੁਰੂ ਹਰਿਕ੍ਰਿਸ਼ਨ ਜੀ ਪ੍ਰਤੀ ਉਸ ਦਾ ਵਿਹਾਰ ਜ਼ੁਲਮ ਵਾਲਾ ਤਾਂ ਨਹੀਂ, ਹਾਂ ਪਿਆਰ ਦੇ ਪਰਛਾਵੇਂ ਥੱਲੇ ਧੋਖੇ, ਫ਼ਰੇਬ ਤੇ ਠੱਗੀ ਵਾਲਾ ਹੈ। ਔਰੰਗਜ਼ੇਬ ਨੇ ਮਾਨਸਿਕ ਇੱਛਾ ਪ੍ਰਗਟਾਈ ਹੈ ਕਿ ਗੁਰੂ-ਦੀਦਾਰ ਕਰਨਾ ਹੈ। ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਕੋਲ, ਕੀਰਤਪੁਰ ਸਾਹਿਬ, ਸ਼ਾਹੀ ਏਲਚੀ ਵੀ ਭੇਜਿਆ ਹੈ। ਪਰ ਗੁਰੂ-ਦਰਬਾਰ ਦਾ ਸਪਸ਼ਟ ਜਵਾਬ ਹੈ ਕਿ ਤੁਅੱਸਬੀ ਤੇ ਜ਼ਾਲਮ ਦਰਬਾਰ ਨਾਲ ਸਾਡੀ ਕੋਈ ਸਾਂਝ ਨਹੀਂ, ਇਸ ਲਈ ਦਿੱਲੀ ਜਾਣ ਦਾ ਪ੍ਰਸ਼ਨ ਹੀ ਨਹੀਂ।

ਜਿਵੇਂ ਅੱਜ ਵੀ ਦੁਬਿੱਧਾ-ਗ੍ਰਸਤ ਸ਼ਖਸੀਅਤਾਂ ਸਰਕਾਰ ਦੀਆਂ ਹੱਥ-ਠੋਕਾ ਬਣਦੀਆਂ ਹਨ, ਉਸ ਵੇਲੇ ਵੀ


www.AKJ.Org

ਰਾਜਾ ਜੈ ਸਿੰਘ ਦੀ ਦੁਬਿੱਧਾ-ਗ੍ਰਸਤ ਸ਼ਖ਼ਸੀਅਤ ਔਰੰਗਜ਼ੇਬ ਦੀ ਹੱਥ-ਠੋਕਾ ਬਣੀ। ਰਾਜਾ ਜੈ ਸਿੰਘ ਬਾਹਰੋਂ ਗੁਰੂ-ਪੱਖੀ ਸੀ ਤੇ ਅੰਦਰੋਂ ਸਰਕਾਰ-ਪੱਖੀ ਸੀ। ਉਸ ਨੇ ਔਰੰਗਜ਼ੇਬ ਦੀ ਪ੍ਰਸੰਨਤਾ ਪ੍ਰਾਪਤ ਕਰਨ ਵਾਸਤੇ ਪਹਿਲਾਂ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਨੂੰ ਸੰਗਤਾਂ ਦੇ ਦਰਸ਼ਨ-ਦੀਦਾਰ ਦੀ ਇੱਛਾ ਅਧੀਨ ਦਿੱਲੀ ਆਉਣ ਵਾਸਤੇ ਸੱਦੇ ਭੇਜੇ, ਫਿਰ ਕੀਰਤਪੁਰ ਸਾਹਿਬ ਆਪ ਵੀ ਹਾਜ਼ਰ ਹੋਇਆ। ਉਸ ਨੇ ਔਰੰਗਜ਼ੇਬ ਦੇ ਦਰਸ਼ਨ ਦੀ ਇੱਛਾ ਦਾ ਵੀ ਪ੍ਰਗਟਾਵਾ ਕੀਤਾ, ਪਰ ਗੁਰੂ-ਪਾਤਿਸ਼ਾਹ ਦਾ ਨਿਰੰਤਰ ਜਵਾਬ ਇਕੋ ਹੀ ਸੀ ਕਿ ਸੰਗਤਾਂ ਦੇ ਦਰਸ਼ਨ-ਦੀਦਾਰ ਵਾਸਤੇ ਤਾਂ ਮੈਂ ਦਿੱਲੀ ਜਾ ਸਕਦਾ ਹਾਂ, ਪਰ ਔਰੰਗਜ਼ੇਬ ਦੀ ਇੱਛਾ ਪੂਰੀ ਕਰਨ ਵਾਸਤੇ ਨਹੀਂ। ਗੁਰੂ-ਦਰਬਾਰ ਦੀ ਸੇਵਾ ਸੰਭਾਲ ਸਿੱਖਾਂ ਨੂੰ ਸੌਂਪ ਕੇ ਗੁਰੂ ਹਰਿਕ੍ਰਿਸ਼ਨ ਜੀ ਨੇ ਦਿੱਲੀ ਜਾਣ ਦਾ ਮਨ ਬਣਾ ਲਿਆ।

'ਗੁਰੂ' ਦਾ ਜੀਵਨ ਸਦਾ ਲੋਕਾਂ ਦੇ ਸੁਧਾਰ ਤੇ ਉਧਾਰ ਵਾਸਤੇ ਸਮਰਪਿਤ ਰਹਿੰਦਾ ਸੀ। ਜਿੱਧਰ ਵੀ ਉਹ ਜਾਂਦੇ, ਰਸਤੇ ਵਿਚ ਗੁਰਬਾਣੀ-ਸਿਧਾਂਤਾਂ ਤੇ ਗੁਰੂ-ਆਦਰਸ਼ਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਜਾਂਦੇ। ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਬਾਰੇ ਵੀ ਪ੍ਰਸਿੱਧ ਹੈ ਕਿ ਅੰਬਾਲੇ ਦੇ ਨੇੜੇ, ਪੰਜੋਖਰੇ ਦੇ ਸਥਾਨ ਤੇ ਇਕ ਲਾਲ ਚੰਦ ਬ੍ਰਾਹਮਣ ਨੇ ਬਾਲ-ਗੁਰੂ ਹੋਣ ਉਤੇ ਕਿੰਤੂ ਕੀਤਾ ਤੇ ਨਾਲ ਪ੍ਰਸ਼ਨ ਵੀ ਕੀਤਾ, ਕਿ 'ਨਾਮ' ਤਾਂ 'ਹਰਿਕ੍ਰਿਸ਼ਨ' ਹੈ, ਪਰ ਸੁਭਾ ਤੇ ਬੁੱਧ ਬੱਚਿਆਂ ਵਾਲੀ ਹੈ। ਜਦੋਂ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਨੇ ਸਮਰੱਥ ਗੁਰੂ ਵਾਂਗ ਇਕ ਨਿਰ-ਅੱਖਰ ਘਾਹੀ ਨੂੰ ਗਿਆਨ-ਛੋਹ ਪ੍ਰਦਾਨ ਕਰ ਕੇ, ਮਹਾਂਪੁਰਸ਼ ਸਿਰਜਿਆ ਤਾਂ ਲਾਲ ਚੰਦ ਕੀ, ਅਨੇਕਾਂ ਨੇ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਦੀ ਪ੍ਰਤਿੱਭਾ ਪ੍ਰਤੀ ਆਪਣੀ ਆਤਮ ਸ਼ਰਧਾ ਪ੍ਰਗਟਾਈ। ਕੀਰਤਪੁਰ ਤੋਂ ਦਿੱਲੀ ਤਕ ਦੀ ਯਾਤਰਾ ਨੇ ਗੁਰੂ ਹਰਿਕ੍ਰਿਸ਼ਨ ਜੀ ਦੇ ਪ੍ਰਭਾਵ ਨੂੰ ਦੂਰ ਦੂਰ ਤਕ ਉਜਾਗਰ ਕਰ ਦਿੱਤਾ।

ਗੁਰੂ ਹਰਿਕ੍ਰਿਸ਼ਨ ਪਾਤਿਸ਼ਾਹ ਦਿੱਲੀ ਆ ਕੇ ਭਾਵੇਂ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਹੀ ਠਹਿਰੇ, ਪਰ ਇਥੇ ਵੀ ਉਹਨਾਂ ਨੇ ਲਗਾਤਾਰ ਕੀਰਤਪੁਰ ਵਰਗਾ ਹੀ ਕਰਤਾਰੀ ਤੇ ਸੇਵਾ-ਭਾਵੀ ਮੰਡਲ ਸਿਰਜ ਲਿਆ। ਸਿੱਖ ਸੰਗਤਾਂ ਗੁਰੂ ਹਰਿਕ੍ਰਿਸ਼ਨ ਜੀ ਦੇ ਦਰਸ਼ਨ-ਦੀਦਾਰ ਲਈ ਜੁੜਦੀਆਂ, ਬਚਨ-ਬਿਲਾਸ ਵੀ ਕਰਦੀਆਂ, ਦੁਖ, ਕਲੇਸ਼ ਤੇ ਸੰਕਟ ਦੀ ਨਵਿਰਤੀ ਵਾਸਤੇ ਨਾਮ-ਦਾਰੂ ਦੀ ਪ੍ਰਾਪਤੀ ਲਈ ਵਰਦਾਨ ਵੀ ਮੰਗਦੀਆਂ। ਗੁਰੂ ਹਰਿਕ੍ਰਿਸ਼ਨ ਜੀ ਤੇ ਸਿੱਖ ਸੰਗਤਾਂ ਨੇ ਇਕ ਦੂਜੇ ਨਾਲ ਰੱਜ ਰੱਜ ਕੇ ਪਿਆਰ ਤੇ ਸਤਿਕਾਰ ਕੀਤਾ। ਰਾਜਾ ਜੈ ਸਿੰਘ ਤੇ ਉਸ ਦੀ ਪਟਰਾਣੀ ਵੀ ਦਰਸ਼ਨ-ਦੀਦਾਰ ਕਰ ਕੇ ਖ਼ੁਸ਼ੀ-ਖੇੜਾ ਮਾਣਦੀ ਰਹੀ, ਪਰ ਔਰੰਗਜ਼ੇਬ ਦੀ ਮੁਲਾਕਾਤ ਵਾਸਤੇ ਰਾਜਾ ਜੈ ਸਿੰਘ ਕਿਸੇ ਤਰ੍ਹਾਂ ਵੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਮਨਾ ਨਾ ਸਕਿਆ। ਇਕ ਮੌਕਾ ਐਸਾ ਵੀ ਬਣਾਇਆ ਗਿਆ ਕਿ ਬਾਦਸ਼ਾਹ ਔਰੰਗਜ਼ੇਬ ਸਵੇਰੇ ਸਵੇਰੇ, ਗੁਰੂ-ਦਰਸ਼ਨ-ਦੀਦਾਰ ਲਈ, ਬੰਗਲਾ ਸਾਹਿਬ ਦੇ ਦੁਆਰ ਨੇੜੇ ਪਹੁੰਚ ਗਿਆ। ਉਹ ਅੱਧੀ ਘੜੀ ਦਰਸ਼ਨ ਜਾਂ ਮੁਲਾਕਾਤ ਲਈ ਸਿੱਕਦਾ ਰਿਹਾ, ਪਰ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਨੇ ਮਿਲਣੋਂ ਸਾਫ਼ ਇਨਕਾਰ ਕਰ ਦਿੱਤਾ ਤੇ ਦਰਵਾਜ਼ਾ ਬੰਦ ਕਰ ਕੇ ਅੰਦਰ ਹੀ ਸਿਮਰਨ-ਸਮਾਧੀ ਵਿਚ ਜੁੜ ਗਏ। ਜਦੋਂ ਗੁਰੂ ਹਰਿਕ੍ਰਿਸ਼ਨ ਜੀ ਨੂੰ ਪਤਾ ਲੱਗਾ ਕਿ 'ਬਾਦਸ਼ਾਹ' ਵਾਪਸ ਚਲਾ ਗਿਆ ਹੈ ਤਾਂ ਉਹਨਾਂ ਦਰਵਾਜ਼ਾ ਖੋਲ੍ਹਿਆ। ਰਾਜਾ ਜੈ ਸਿੰਘ ਨੇ ਨਿਰਾਸ਼ਾ ਤੇ ਗਿਲੇ ਦਾ ਪ੍ਰਗਟਾਵਾ ਕੀਤਾ, ਪਰ ਗੁਰੂ ਸਾਹਿਬ ਚੂੰਕਿ ਰਾਜ-ਸਰਕਾਰਾਂ ਤੋਂ ਬੇ-ਪਰਵਾਹ ਸਨ, ਇਸ ਲਈ ਉਹਨਾਂ ਨੇ ਕਿਸੇ ਵੀ ਡਰ ਤੇ ਲਾਲਚ ਦੀ ਪਰਵਾਹ ਕੀਤੇ ਬਿਨਾਂ ਸਿੱਖ ਸੰਗਤਾਂ ਨਾਲ ਲਗਾਤਾਰ ਆਪਣਾ ਸਬੰਧ ਜੋੜੀ ਰਖਿਆ। ਸਿੱਖ ਸੰਗਤਾਂ ਨੂੰ ਨਾਮ ਜਪਾ, ਅੰਮ੍ਰਿਤ ਪਿਲਾ, ਦੁਖ-ਕਲੇਸ਼ ਤੋਂ ਬਚਾ, ਸੁਤੰਤਰ ਤੇ ਸਿਰਜਨਾਤਮਿਕ ਜੀਵਨ ਜੀਊਣ ਦਾ ਆਦੇਸ਼ ਦਿੰਦੇ ਰਹੇ।

ਗੁਰੂ ਹਰਿਕ੍ਰਿਸ਼ਨ ਜੀ ਰੋਗੀਆਂ ਦੇ ਰੋਗ-ਖੰਡਨ ਲਈ ਇੰਨੇ ਗ੍ਰੱਸੇ ਗਏ ਕਿ ਇਕ ਦਿਨ ਆਪ ਰੋਗੀ ਹੋ ਗਏ। ਚੂੰਕਿ 'ਸਤਿਗੁਰੂ' ਤਾਂ ਸਦਾ ਰੋਗ ਰਹਿਤ ਰਹਿੰਦਾ ਹੈ, ਇਸ ਲਈ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਨੇ 'ਬਾਬਾ ਬਕਾਲਾ' ਕਹਿ ਕੇ 'ਸਤਿਗੁਰਤਾ' ਨੂੰ ਤਾਂ ਫਿਰ ਕੀਰਤਪੁਰ ਸਾਹਿਬ ਵਿਚ ਸਥਾਪਿਤ ਕਰ ਦਿੱਤਾ, ਪਰ ਆਪਣਾ ਸਰੀਰ ਤਿਆਗ ਕੇ, ਦਿੱਲੀ ਦੀ ਧਰਤੀ ਨਾਲ ਸਦਾ ਵਾਸਤੇ ਰਿਸ਼ਤਾ ਜੋੜ ਲਿਆ।

ਗੁਰਦੁਆਰਾ ਬੰਗਲਾ ਸਾਹਿਬ ਤੇ ਗੁਰਦੁਆਰਾ ਬਾਲਾ ਸਾਹਿਬ ਦਿੱਲੀ ਦੇ ਦੋਵੇਂ ਪਾਵਨ ਸਥਾਨ ਗੁਰੂ



www.AKJ.Org

# ਸਤਿਗੁਰੁ ਸਿਖ ਕੇ ਬੰਧਨ ਕਾਟੈ

[ਪ੍ਰੋਫੈਸਰ ਹਰਨਾਮ ਸਿੰਘ ਜੀ, W-139, ਗ੍ਰੇਟਰ ਕੈਲਾਸ਼-1, ਨਵੀਂ ਦਿੱਲੀ 48]

ਇਸ ਮਹਾਂਵਾਕ ਵਿਚ ਗੁਰੂ ਅਤੇ ਸਿਖ ਦੇ ਆਪਸੀ ਸੰਬੰਧਾਂ ਵਲ ਸੰਕੇਤ ਕੀਤਾ ਗਿਆ ਹੈ। ਗੁਰੂ ਦਾ ਇਹ ਬਿਰਦ ਹੈ ਕਿ ਉਹ ਆਪਣੇ ਸਿਖ ਦੇ ਹਰ ਪ੍ਰਕਾਰ ਦੇ ਬੰਧਨ ਕਟ ਦਿੰਦਾ ਹੈ। ਜਦ ਕਿ ਸਿਖ ਦਾ ਇਹ ਫ਼ਰਜ਼ ਹੈ ਕਿ ਉਹ ਵਿਕਾਰਾਂ ਤੋਂ ਆਪਣੇ ਆਪ ਨੂੰ ਬਚਾ ਕੇ ਰਖੇ। ਸਤਿਗੁਰੂ ਦੀ ਬਖ਼ਸ਼ਸ਼ ਦਾ ਪਾਤਰ ਬਣਨ ਲਈ ਗੁਰਸਿਖ ਲਈ ਆਪਣੇ ਮਨ ਨੂੰ ਵਿਕਾਰਾਂ ਤੋਂ ਹਟਾਣਾ ਲਾਜ਼ਮੀ ਸ਼ਰਤ ਹੈ। ਗੁਰੂ ਅਤੇ ਸਿਖ ਦਾ ਨਾਤਾ ਦੋ-ਪੱਖੀ ਹੈ, ਗੁਰੂ ਨੇ ਸਿਖ ਦੇ ਬੰਧਨ ਕਟਣੇ ਹਨ ਤੇ ਸਿਖ ਨੇ ਆਪਣੇ ਆਪ ਨੂੰ ਵਿਕਾਰਾਂ ਤੋਂ ਦੂਰ ਰਖਣਾ ਹੈ।

ਮਨੁਖ ਕਈ ਤਰ੍ਹਾਂ ਦੇ ਬੰਧਨਾਂ ਵਿਚ ਬੰਨ੍ਹਿਆ ਪਿਆ ਹੈ। ਜੇ ਇਹ ਕਿਹਾ ਜਾਏ ਕਿ ਬੰਧਨਾਂ ਨੇ ਮਨੁਖ ਨੂੰ ਜਕੜ ਕੇ ਰਖਿਆ ਹੋਇਆ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ। ਗੁਰਬਾਣੀ ਵਿਚ ਇਨ੍ਹਾਂ ਬੰਧਨਾਂ ਬਾਰੇ ਥਾਂ ਥਾਂ ਸੰਕੇਤ ਮਿਲਦੇ ਹਨ। ਮਾਨ ਅਪਮਾਨ ਦਾ ਬੰਧਨ, ਪਦਵੀ-ਪ੍ਰਾਪਤੀ ਦਾ ਬੰਧਨ, ਧਨ ਪਦਾਰਥ ਇਕੱਠਾ ਕਰਨ ਦਾ ਬੰਧਨ, ਪਰਵਾਰਕ ਮੋਹ ਦਾ ਬੰਧਨ, ਕਰਮਾਂ ਧਰਮਾਂ ਦਾ ਬੰਧਨ, ਰੋਗਾਂ ਸੋਗਾਂ ਦੇ ਬੰਧਨ, ਤੇ ਇਸ ਤਰ੍ਹਾਂ ਅਨੇਕਾਂ ਬੰਧਨ ਮਨੁਖ ਨੂੰ ਚਹੁੰਆਂ ਪਾਸਿਆਂ ਤੋਂ ਘੇਰੀ ਬੈਠੇ ਹਨ, ਜੋ ਮਨੁਖ ਨੂੰ ਬਹੁਤ ਹੀ ਵਿਆਕੁਲ ਕਰਦੇ ਹਨ। ਜੀਵ ਜੀਵਨ ਭਰ ਇਨ੍ਹਾਂ ਦੇ ਜਾਲ ਵਿਚੋਂ ਨਿਕਲਣ ਲਈ ਤਰਲੋ-ਮੱਛੀ ਹੁੰਦਾ ਰਹਿੰਦਾ ਹੈ, ਪਰ ਬੰਧਨਾਂ ਤੋਂ ਮੁਕਤੀ ਜਾਂ ਖ਼ਲਾਸੀ ਤਾਂ ਕੇਵਲ ਗੁਰਦੇਵ ਹੀ ਕਰਵਾ ਸਕਦੇ ਹਨ। ਸ਼ਰਤ ਇਕੋ ਹੈ–

ਗੁਰ ਕਾ ਸਿਖ ਬਿਕਾਰ ਤੇ ਹਾਟੈ ॥੧॥੧੮॥ (ਸੁਖਮਨੀ ਸਾਹਿਬ, ੨੮੬)

ਬੰਧਨਾਂ ਲਈ ਗੁਰਬਾਣੀ ਵਿਚ ਸਿਲਕ, ਜੇਵਰੀ, ਬੇੜੀ, ਜਾਲ, ਫਾਸੀ ਆਦਿ ਜਿਨ੍ਹਾਂ ਸ਼ਬਦਾਂ ਦੀ ਵਰਤੋਂ ਮਿਲਦੀ ਹੈ. ਉਹ ਸਾਰੀਆਂ ਵਸਤਾਂ ਹੀ ਨਿਰਸੰਦੇਹ ਦੁਖਦਾਈ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁਖ ਨੂੰ ਜਕੜ ਕੇ ਰਖਣ ਵਾਲੇ ਬੰਧਨਾਂ ਦਾ ਵੇਰਵਾ ਇਉਂ ਕੀਤਾ ਹੈ :–

ਬੰਧਨ ਮਾਤ ਪਿਤਾ ਸੰਸਾਰਿ ॥ ਬੰਧਨ ਸੁਤ ਕੰਨਿਆ ਅਰੁ ਨਾਰਿ ॥੨॥
ਬੰਧਨ ਕਰਮ ਧਰਮ ਹਉ ਕੀਆ ॥ ਬੰਧਨ ਪੁਤੁ ਕਲਤੁ ਮਨਿ ਬੀਆ ॥੩॥
ਬੰਧਨ ਕਿਰਖੀ ਕਰਹਿ ਕਿਰਸਾਨ ॥ ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ ॥੪॥
ਬੰਧਨ ਸਉਦਾ ਅਣ-ਵੀਚਾਰੀ ॥ ਤਿਪਤਿ ਨਾਹੀ ਮਾਇਆ ਮੋਹ ਪਸਾਰੀ ॥੫॥
ਬੰਧਨ ਸਾਹ ਸੰਚਹਿ ਧਨੁ ਜਾਇ ॥ ਬਿਨੁ ਹਰਿ ਭਗਤਿ ਨ ਪਵਈ ਥਾਇ ॥੬॥
ਬੰਧਨ ਬੇਦ ਬਾਦੁ ਅਹੰਕਾਰ ॥ ਬੰਧਨਿ ਬਿਨਸੈ ਮੋਹ ਵਿਕਾਰ ॥੭॥
ਨਾਨਕ ਰਾਮ ਨਾਮ ਸਰਣਾਈ ॥ ਸਤਿਗੁਰਿ ਰਾਖੇ ਬੰਧੁ ਨ ਪਾਈ ॥੮॥੧੦॥
(ਆਸਾ ਮ: ੧, ਇਕਤੁਕੀ–੪੧੬)

ਪੰਜਵੇਂ ਪਾਤਸ਼ਾਹ ਨੇ ਵੀ ਏਸੇ ਤਰ੍ਹਾਂ ਦੇ ਕੁਝ ਬੰਧਨਾਂ ਦਾ ਜ਼ਿਕਰ ਕੀਤਾ ਹੈ :–

ਬੰਧਨ ਮਾਤ ਪਿਤਾ ਸੁਤ ਬਨਿਤਾ ॥ ਬੰਧਨ ਕਰਮ ਧਰਮ ਹਉ ਕਰਤਾ ॥
[ਭੈਰਉ ਮ: ੫–੧੧੪੭]

---

✽ਹਰਿਕ੍ਰਿਸ਼ਨ-ਪਾਤਿਸ਼ਾਹ ਦੀ ਪ੍ਰਤਿੱਭਾ ਨੂੰ ਭਾਵੇਂ ਸਮਰਪਿਤ ਹਨ, ਪਰ ਇਹ ਇਤਿਹਾਸਕ ਸੱਚ ਹੈ ਕਿ ਪਿਛਲੇ ਤਿੰਨ ਸੌ ਸਾਲ ਤੋਂ ਗੁਰਦੁਆਰਾ ਬੰਗਲਾ ਸਾਹਿਬ ਵਿਚ ਆ ਕੇ, ਜਿਸ ਨੇ ਵੀ ਗੁਰੂ ਹਰਿਕ੍ਰਿਸ਼ਨ ਜੀ ਦੀ ਪ੍ਰਤਿੱਭਾ ਨੂੰ ਆਪਣੇ ਧਿਆਨ ਦਾ ਕੇਂਦਰ ਬਣਾਇਆ ਹੈ, ਉਸ ਨੂੰ ਗੁਰੂ-ਜੋਤਿ ਦੇ ਦਰਸ਼ਨ-ਦੀਦਾਰ ਵੀ ਹੋਏ ਹਨ ਤੇ ਉਸ ਦੇ ਮਾਨਸਿਕ ਤੇ ਸਰੀਰਕ ਦੁਖ-ਰੋਗ ਤੇ ਕਲੇਸ਼ ਵੀ ਮੁਕ ਗਏ ਹਨ। ਗੁਰੂ ਹਰਿਕ੍ਰਿਸ਼ਨ ਜੀ ਦੀ ਪ੍ਰਤਿੱਭਾ ਨਿਸ੍ਚੇ ਹੀ ਸਮਰੱਥਾਵਾਨ ਹੈ–ਸਭ ਦੁੱਖਾਂ ਨੂੰ ਦੂਰ ਕਰਨ ਲਈ।


www.AKJ.Org

ਬੰਧਨਾਂ ਦੇ ਇਤਨੇ ਵਡੇ ਜਾਲ ਵਿਚ ਫਸਿਆ ਵਿਅਕਤੀ ਕਿਸ ਤਰ੍ਹਾਂ ਸੁਖ ਪ੍ਰਾਪਤ ਕਰ ਸਕਦਾ ਹੈ ? ਇਸਦੇ ਲਈ ਤਾਂ ਇਕੋ ਉਪਾਉ ਗੁਰੂ ਦੀ ਸ਼ਰਨ ਲੈਣ ਤੇ ਉਸਦੀ ਬਖਸ਼ਸ਼ ਦਾ ਪਾਤਰ ਬਣਨਾ ਹੈ। ਓਸੇ ਦੀ ਕਿਰਪਾ ਦ੍ਰਿਸ਼ਟੀ ਨਾਲ ਹੀ ਬੰਧਨਾਂ ਤੋਂ ਮੁਕਤੀ ਪ੍ਰਾਪਤ ਹੋ ਸਕਦੀ ਹੈ ਤੇ ਜੀਵਨ ਸਫਲ ਹੋ ਸਕਦਾ ਹੈ :-

ਮਾਇਆ ਬੰਧ ਕਾਟਿਓ ਕਿਰਪਾ-ਨਿਧਿ ਨਾਨਕ ਆਪਿ ਉਧਾਰਿਓ ॥੨॥੬॥

[ਦੇਵਗੰਧਾਰੀ ਮ: ੫-੫੨੯]

ਤਥਾ—ਬੰਧਨ ਕਾਟਿ ਮੁਕਤਿ ਜਨੁ ਭਇਆ ॥ ਜਨਮ ਮਰਨ ਦੂਖੁ ਭ੍ਰਮੁ ਗਇਆ ॥੩॥੨੦॥

[ਸੁਖਮਨੀ—੨੯੯]

ਅਸੀਂ ਤਾਂ ਕਾਮ, ਕਰੋਧ, ਲੋਭ. ਮੋਹ ਆਦਿ ਬੰਧਨਾਂ ਵਿਚ ਫਸੇ ਪਏ ਹਾਂ, ਪਰ ਇਨ੍ਹਾਂ ਤੋਂ ਛੁਟਕਾਰਾ ਵੀ ਤਾਂ ਗੁਰਦੇਵ ਹੀ ਬਖ਼ਸ਼ਦੇ ਹਨ :—

ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥ ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥੨॥੮॥

(ਬਿਲਾਵਲੁ ਮ: ੫—੮੦੪]

ਗੁਰੂ-ਕਿਰਪਾ ਦੁਆਰਾ ਪ੍ਰਾਪਤ ਹੋਇਆ ਨਾਮ ਹਿਰਦੇ ਵਿਚ ਵਸਣ ਨਾਲ ਬੰਧਨ ਟੁਟਦੇ ਹਨ :-

ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥ ਬਿਲਾਵਲੁ ਮ: ੧, ਅਸਟ: ੮੩੧)

ਨਾਮ ਦੇ ਚਲੂਲੇ ਰੰਗਾਂ ਵਿਚ ਵਿਚਰਨ ਵਾਲੇ ਗੁਰਮੁਖ, ਸਵਾਸ-ਸਵਾਸ ਨਾਮ-ਕਮਾਈ ਕਰਨ ਵਾਲੇ ਪਿਆਰੇ ਬੰਧਨ-ਮੁਕਤ ਹੁੰਦੇ ਹਨ, ਕਿਉਂਕਿ ਉਨ੍ਹਾਂ ਨੇ ਤਾਂ—

ਤਾ ਕੀ ਗਹੀ ਮਨ ਓਟ ॥ ਬੰਧਨ ਤੇ ਹੋਈ ਛੋਟ...॥੨॥੩੮॥

[ਰਾਮਕਲੀ ਮ: ੫—੮੯੪]

ਪੰਜਾਂ ਪਿਆਰਿਆਂ ਨੇ ਸਰੀਰਕ ਬੰਧਨ ਤੋੜ ਕੇ ਦਸਮੇਸ਼ ਜੀ ਨੂੰ ਆਪਣੇ ਸੀਸ ਭੇਟ ਕਰ ਦਿਤੇ ਤੇ ਸਿਖ ਇਤਿਹਾਸ ਵਿਚ ਕੁਰਬਾਨੀ ਦਾ ਇਕ ਸ਼ਾਹ-ਰਾਹ ਤਿਆਰ ਕਰ ਦਿਤਾ, ਜਿਸ ਤੇ ਚਲ ਕੇ ਮਗਰੋਂ ਅਨਗਿਣਤ ਸ਼ਹੀਦਾਂ ਨੇ ਇਤਿਹਾਸ ਨੂੰ ਰੁਸ਼ਨਾ ਦਿਤਾ। ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਸ਼ਾਹਬਾਜ਼ ਸਿੰਘ ਸੁਬੇਗ ਸਿੰਘ ਜੀ, ਬਾਬਾ ਦੀਪ ਸਿੰਘ ਜੀ ਆਦਿ ਸਾਡੇ ਇਤਿਹਾਸ ਦੇ ਉਹ ਚਮਕਦੇ ਤਾਰੇ ਹਨ ਜਿਨ੍ਹਾਂ ਨੇ ਬੰਧਨ-ਮੁਕਤ ਹੋ ਕੇ ਜੀਵਨ-ਪਦਵੀ ਪਾਈ।

ਅਸੀਂ ਸੰਸਾਰੀ ਜੀਵ ਤਾਂ ਇਸ ਤਰ੍ਹਾਂ ਬੰਧਨਾਂ ਵਿਚ ਫਸੇ ਪਏ ਹਾਂ ਕਿ ਸਾਨੂੰ ਇਨ੍ਹਾਂ ਵਿਚੋਂ ਨਿਕਲਣ ਦਾ ਕੋਈ ਰਾਹ ਹੀ ਨਹੀਂ ਲਭਦਾ। ਸਾਡੀ ਦਸ਼ਾ ਤਾਂ—"ਫਾਹੀ ਫਾਥੇ ਮਿਰਗ ਜਿਉ...(੧੨੭੯) ਵਾਲੀ ਜਾਂ ਉਸ ਬਾਂਦਰ ਵਾਲੀ ਹੋ ਰਹੀ ਹੈ ਜਿਸਦਾ ਜ਼ਿਕਰ ਕਬੀਰ ਜੀ ਨੇ ਇਸ ਤਰ੍ਹਾਂ ਕੀਤਾ ਹੈ—

ਮਰਕਟ ਮੁਸਟੀ ਅਨਾਜ ਕੀ, ਮਨ ਬਉਰਾ ਰੇ, ਲੀਨੀ ਹਾਥਿ ਪਸਾਰਿ ॥
ਛੂਟਨ ਕੋ ਸਹਸਾ ਪਰਿਆ, ਮਨ ਬਉਰਾ ਰੇ, ਨਾਚਿਓ ਘਰ ਘਰ ਬਾਰਿ ॥੨॥

[ਗਉੜੀ ਕਬੀਰ ਜੀ, ੩੩੬]

ਇਨ੍ਹਾਂ ਬੰਧਨਾਂ ਤੋਂ ਛੁਟਕਾਰਾ ਮੁਸ਼ਕਲ ਹੈ, ਪਰ ਨਾਲ ਹੀ ਕਬੀਰ ਜੀ ਨੇ ਇਨ੍ਹਾਂ ਤੋਂ ਛੁਟਕਾਰੇ ਦਾ ਉਪਾਉ ਵੀ ਦਸ ਦਿਤਾ ਹੈ :—

ਕਹੁ ਕਬੀਰ ਛੂਟਨੁ ਨਹੀ, ਮਨ ਬਉਰਾ ਰੇ; ਛੂਟਨੁ ਹਰਿ ਕੀ ਸੇਵ ॥੪॥੫੭॥ (ਪੰਨਾ ੩੩੬)

ਵਾਹਿਗੁਰੂ ਦੀ ਸ਼ਰਨ ਲੈਣ ਨਾਲ, ਅਰਦਾਸ ਕਰਨ ਨਾਲ, ਸਿਮਰਨ ਨਾਲ ਹੀ ਬੰਧਨਾਂ ਤੋਂ ਛੁਟਕਾਰਾ ਹੋ ਸਕਦਾ ਹੈ।

ਸਾਰ-ਸਿੱਟੇ ਦੀ ਗੱਲ ਇਕੋ ਹੈ ਕਿ ਸਤਿਗੁਰੂ ਦੇਵ ਦੀ ਬਖ਼ਸ਼ਸ਼ ਤੋਂ ਬਿਨਾਂ ਬੰਧਨਾਂ ਤੋਂ ਛੁਟਕਾਰਾ ਹੋ ਨਹੀਂ ਸਕਦਾ। ਸੋ ਉਹਨਾਂ ਦੀ ਮਿਹਰ ਦਾ ਪਾਤਰ ਬਣਨ ਦੀ ਲੋੜ ਹੈ :—


www.AKJ.Org

ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ ॥੬॥੨॥ [ਮਲਾਰ ਮ: ੩–੧੨੧੧

ਸਤਿਗੁਰੂ ਦੀ ਬਖਸ਼ਸ਼ ਦੇ ਪਾਤਰ ਤਾਂ ਤਦੇ ਹੀ ਹੋ ਸਕੀਦਾ ਹੈ, ਜੇ ਅਸੀਂ ਗੁਰੂ ਵਾਲੇ ਬਣੀਏ, ਜੇ ਅਸੀਂ ਗੁਰੂ ਪਾਸੋਂ ਨਾਮ-ਅੰਮ੍ਰਿਤ ਪ੍ਰਾਪਤ ਕਰੀਏ। ਗੁਰੂ ਵਾਲੇ ਬਣਨ ਅਤੇ ਨਾਮ ਅੰਮ੍ਰਿਤ ਦੀ ਪ੍ਰਾਪਤੀ ਲਈ ਨਾਮ-ਰੰਗ-ਰਤੇ ਪੰਜਾਂ ਪਿਆਰਿਆਂ ਤੋਂ ਖੰਡੇ ਦਾ ਅੰਮ੍ਰਿਤ ਪਾਨ ਕਰਨਾ ਅਤਿ ਜ਼ਰੂਰੀ ਹੈ। ਖੰਡੇ ਦਾ ਅੰਮ੍ਰਿਤ ਪਾਨ ਕੀਤੇ ਬਿਨਾਂ ਅਸੀਂ ਗੁਰੂ ਵਾਲੇ ਨਹੀਂ ਬਣ ਸਕਦੇ ਅਤੇ ਗੁਰੂ ਕੀ ਬਖਸ਼ਸ਼ ਦੇ ਪਾਤਰ ਨਹੀਂ ਬਣ ਸਕਦੇ।

ਪੰਜਾਂ ਪਿਆਰਿਆ ਤੋਂ ਨਾਮ-ਅੰਮ੍ਰਿਤ ਪ੍ਰਾਪਤ ਹੋਣ ਤੇ ਹੀ ਬੰਧਨ-ਮੁਕਤ ਹੋਣ ਦੀ ਆਸ ਬਝ ਸਕਦੀ ਹੈ। ਨਾਮ-ਸਿਮਰਨ ਦੀਆਂ ਕਮਾਈਆਂ ਕਰਨ ਨਾਲ, ਨਿਤ ਅੰਮ੍ਰਿਤ ਵੇਲੇ ਦੀ ਸੰਭਾਲ ਕਰਨ ਨਾਲ ਇਹ ਬਿਵਸਥਾ ਪ੍ਰਾਪਤ ਹੋਵੇਗੀ :–ਪ੍ਰਿਥਮੇ ਮਿਟਿਆ ਤਨ ਕਾ ਦੂਖ ॥ ਮਨ ਸਗਲ ਕਉ ਹੂਆ ਸੂਖੁ ॥੧॥...

ਬੰਧਨ ਕਾਟਿ ਸੇਵਕ ਕਰਿ ਰਾਖੈ ॥ ਅੰਮ੍ਰਿਤ ਬਾਨੀ ਰਸਨਾ ਚਾਖੈ ॥੩॥੧੦੦॥

[ਆਸਾ ਮ: ੫–੨੯੫

ਅਤੇ– ਤਾ ਕੀ ਗਹੀ ਮਨ ਓਟ ॥ ਬੰਧਨ ਤੇ ਹੋਈ ਛੋਟ ॥੨॥੩੮॥ [ਰਾਮਕਲੀ ਮ: ੫–੮੯੪

ਗੁਰਬਾਣੀ ਵਿਚ ਇਨ੍ਹਾਂ ਬੰਧਨਾਂ ਤੋਂ ਮੁਕਤ ਹੋਣ ਲਈ ਹੋਰ ਕਰਮਾਂ, ਧਰਮਾਂ, ਤਪਾਂ, ਸਾਧਨਾਂ; ਜਾਂ ਰਿਧੀਆਂ ਆਦਿ ਦੀ ਪ੍ਰਾਪਤੀ ਨੂੰ ਕੋਈ ਮਾਨਤਾ ਨਹੀਂ ਦਿਤੀ ਗਈ, ਸਗੋਂ ਉਨ੍ਹਾਂ ਨੂੰ ਨਿੰਦਿਆ ਗਿਆ ਹੈ।

ਬਾਬਾ ਬੰਦਾ ਸਿੰਘ ਬਹਾਦੁਰ ਬੈਰਾਗੀ, ਜਾਦੂ ਟੂਣਿਆਂ ਦੇ ਚਮਤਕਾਰਾਂ ਤੇ ਕਰਾਮਾਤਾਂ ਦੇ ਬੰਧਨਾਂ ਵਿਚ ਉਲਝਿਆ ਪਿਆ ਸੀ। ਉਸ ਦੇ ਪੂਰਬਲੇ ਕਰਮ ਜਾਗੇ ਅਤੇ ਦਸਮੇਸ਼ ਜੀ ਨੇ ਉਸ ਦੀ ਕੁਟੀਆ ਵਿਚ ਪਰਵੇਸ਼ ਕੀਤਾ। ਦਿਆਲੂ ਸਤਿਗੁਰੂ ਜੀ ਨੇ ਉਸ ਦੀ ਸ਼ਕਤੀ ਨੂੰ ਇਨ੍ਹਾਂ ਬੰਧਨਾਂ ਵਲੋਂ ਹਟਾ ਕੇ ਪੰਥ-ਸੇਵਾ ਵਲ ਲਗਾ ਦਿਤਾ। ਸਾਧੂ-ਗੁਰਦੇਵ ਦੀ ਕਿਰਪਾ-ਦ੍ਰਿਸ਼ਟੀ ਨਾਲ ਉਸਦੇ ਜਨਮ-ਜਨਮਾਂਤਰਾਂ ਦੇ ਬੰਧਨ ਟੁਟ ਗਏ।

ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ॥ ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ ॥੧॥੧੦॥

[ਗਉੜੀ ਬਾਵਨ ਅਖਰੀ–੨੫੨]

ਇਕੋ ਕਿਰਪਾ-ਦ੍ਰਿਸ਼ਟੀ ਨਾਲ :-

ਛੁਟਹਿ ਸੰਘਾਰਿ ਨਿਮਖ ਕਿਰਪਾ ਤੇ...॥ਰਹਾਉ॥੩੪॥ [ਸਾਰਗ ਮ: ੫–੧੨੧੧]

ਬੰਧਨਾਂ ਦੇ ਛੋੜ ਕਟ ਦਿਤੇ। ਗਲਤ ਢੰਗ ਨਾਲ ਵਰਤੀ ਜਾ ਰਹੀ ਸ਼ਕਤੀ ਨੂੰ ਪੰਥ ਦੀ ਸੇਵਾ ਵਲ ਮੋੜ ਦਿਤਾ, ਜਿਸ ਨੇ ਇਤਿਹਾਸ ਦਾ ਰੁਖ ਹੀ ਬਦਲ ਦਿਤਾ ਤੇ ਇਸ ਮਹਾਂਵਾਕ ਦੀ ਸਚਾਈ ਨੂੰ ਉਜਾਗਰ ਕਰ ਦਿਤਾ :–

ਪ੍ਰਭ ਕਿਰਪਾ ਤੇ ਬੰਧਨ ਛੁਟੈ ॥ ਤਉ ਕਿਰਪਾ ਤੇ ਹਉਮੈ ਤੁਟੈ ॥੧॥੮੩॥

[ਗਉੜੀ ਗੁਆਰੇਰੀ ਮ: ੫–੧੮੦

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ੧੦ ਚਿਤਰ,੨੭੨ ਪੰਨੇ, ਸੁੰਦਰ ਦੱਖ) ੭–੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪–੦੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | | ੧–੦੦ |
| ਕੇਸਕੀ (ਦਸਤਾਰ) | ੧–੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੧–੫੦ |
| ਖ਼ਾਲਸਾ ਰਹਿਤ ਮਰਯਾਦਾ (ਟਰੈਕਟ) | ੨–੦੦ | ਕੀ ਕੇਸ ਰਖਣੇ ਜ਼ਰੂਰੀ ਹਨ ? | ,, | ੦–੬੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦–੮੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ,, | ੦–੫੦ |
| ਤਉ ਕਿਉ ਮੁਰਗੀ ਮਾਰੈ (ਰਲਵਾੜਾ ਜੀ) | ੧–੫੦ | ਗੁਰਮਤਿ ਅਨਹਦ ਸ਼ਬਦ | ,, | ੦–੫੦ |
| HAIR—A Divine Gift | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੦–੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧·੦੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧– ੦ | ਜਬ ਲਗ ਖਾਲਸਾ ਰਹੈ ਨਿਆਰਾ | ,, | ੦–੭੫ |
| ਗੁਰਬਾਣੀ ਰਹਿਤਨਾਮਾ (੯੦ ਪੰਨੇ) | ੧–੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | | ੧–੫੦ |





www.AKJ.Org

# ਖੰਨਿਅਹੁ ਤਿਖੀ ਵਾਲਹੁ ਨਿਕੀ

## ਭਾਈ ਸਰਵਣ ਸਿੰਘ ਜੀ ਫਲੇਵਾਲ ਦੀ ਜੀਵਨੀ ਵਿਚੋਂ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਭਾਈ ਸਰਵਣ ਸਿੰਘ ਜੀ ਦਾ ਜੀਵਨ, ਇਕ ਅਲੌਕਿਕ ਸਿੱਖੀ ਜੀਵਨ ਹੋ ਗੁਜ਼ਰਿਆ ਹੈ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠੀ ਵੀ ਸਨ। ਲਗਾਤਾਰ ਸਤ ਸਤ ਘੰਟੇ ਪਾਠ ਕਰੀ ਜਾਣਾ ਅਤੇ ਪੰਚਮ ਸੁਰ ਦੀ ਉਚੀ ਧੁਨ ਵਿਚ ਪਾਠ ਕਰਨਾ। ਉਨ੍ਹਾਂ ਦਾ ਪਾਠ ਪਿੰਡ ਵਿਚ ਬੜੀ ਦੂਰ ਦੂਰ ਤਾਈਂ ਸੁਣਿਆ ਜਾਂਦਾ ਸੀ। ਲਾਊਡ ਸਪੀਕਟ ਇਸ ਧੁਨੀ ਦੇ ਨਜ਼ਦੀਕ ਕਿਆ ਚੀਜ਼ ਹਨ? ਓਦੋਂ ਲਾਊਡ ਸਪੀਕਰ ਹੈ ਭੀ ਨਹੀਂ ਸਨ। ਉਨ੍ਹਾਂ ਦੇ ਅਖੰਡਪਾਠ ਦੇ ਵੇਗ ਦੀ ਇਕ ਵਿਸਮਾਦ-ਜਨਕ ਅਲੌਕਿਕਤਾ ਇਹ ਸੀ, ਕਿ ਮੁਖਾਰਬਿੰਦ ਤੋਂ ਸਾਰੇ ਜ਼ੋਰ ਨਾਲ ਬਾਣੀ ਦੁਆਰਾ ਰਸਨਾ ਰਾਹੀਂ ਅਖੰਡ ਪਾਠ ਉਚੀ ਧੁਨੀ ਵਿਚ ਕਰਨਾ ਅਤੇ ਨਾਲ ਦੇ ਨਾਲ ਹੀ ਸਵਾਸ-ਅਭਿਆਸੀ ਸ਼ਬਦ-ਸੁਰਤਾਸੀ ਨਾਮ ਦਾ ਖੰਡਾ ਭੀ ਖੜਕਾਈ ਚਲੇ ਜਾਣਾ।

ਇਸ ਅਲੌਕਿਕ ਕਲਾ ਦੇ ਪਰਤਾਪ ਕਰਕੇ ਨਾਭੀ ਵਿਚ ਸਵਾਸ ਦਬ ਕੇ ਇਕੋ ਸਾਹ ਦੋ ਦੋ ਪਤਰੇ ਪਾਠ ਕਰ ਜਾਣੇ, ਉਸ ਸਮੇਂ ਉਨ੍ਹਾਂ ਦੇ ਨੂਰਾਨੀ ਚੇਹਰੇ ਤੇ ਉਹ ਕਮਾਲ ਜਮਾਲੀ ਜਲਾਲ ਆਉਣਾ, ਜਿਸ ਨੂੰ ਦੇਖਣ ਵਾਲੇ ਦੰਗ ਰਹਿ ਜਾਂਦੇ ਸਨ। ਉਨ੍ਹਾਂ ਦੇ ਜੁਲਾਲ ਮਸਤ ਰੰਗ ਚਲੂਲੀ ਆਤਮ ਅਵਸਥਾ, ਉਨ੍ਹਾਂ ਨੂੰ ਅਜਿਹਾ ਹਾਲੋਂ ਬੇਹਾਲ ਕਰ ਦਿੰਦੀ ਸੀ ਕਿ ਉਨ੍ਹਾਂ ਨੂੰ ਆਪਣੇ ਸਰੀਰ ਦੀ ਸੁਧ ਬੁਧ ਭੁਲ ਜਾਣੀ। ਏਸ ਕਮਲੀ ਰਮਲੀ ਦਸ਼ਾ ਵਿਚ ਦੇਖ ਕੇ ਉਨ੍ਹਾਂ ਦੇ ਨਿਕਟ ਕੁਟੰਬੀਆਂ ਨੂੰ ਇਕ ਵਾਰ ਇਹ ਵਹਿਮ ਹੋ ਗਿਆ ਕਿ ਭਾਈ ਸਰਵਣ ਸਿੰਘ ਜੀ ਪਾਗ਼ਲ ਹੋ ਗਏ ਹਨ। ਇਉਂ ਅਤੇ ਇਸ ਪਰਕਾਰ ਦੇ ਵਹਿਮਾਂ ਵਿਚ ਆ ਕੇ ਮੂਰਖ ਮਤ ਵਾਲੇ ਸੰਸਾਰੀ ਸੰਬੰਧੀਆਂ ਨੇ ਭਾਈ ਜੀ ਨੂੰ ਇਕ ਤਕੜੇ ਮੋਟੇ ਸੰਗਲ ਨਾਲ ਨਰੜ ਕੇ ਥੰਮ ਨਾਲ ਬੰਨ੍ਹ ਦਿਤਾ। ਅਠ ਪਹਿਰ ਬੰਨ੍ਹੀ ਰਖਿਆ। ਸਿੰਘ ਹਮੈਤੀ ਉਨ੍ਹਾਂ ਦੇ ਨੇੜੇ ਕੋਈ ਹੈ ਨਹੀਂ ਸੀ। ਸਿਆਲ ਦਾ ਮੌਸਮ ਸੀ। ਤਕੜਾ ਬੁਖ਼ਾਰ ਭੀ ਕੋਈ ੧੦੬ ਡਿਗਰੀ ਦਾ ਆ ਕੇ ਸੇਵਾ ਕਰਨ ਲਗ ਪਿਆ।

ਏਸ ਦਸ਼ਾ ਵਿਚ ਉਹ ਘਬਰਾਏ ਨਹੀਂ, ਆਪਣੇ ਇਸ਼ਕ-ਮਸਤੇਵੇਂ ਵਿਚ ਆ ਕੇ ਉਚੀ ਉਚੀ ਸ਼ਬਦ ਪੜ੍ਹਨ ਲਗੇ। ਅੰਮ੍ਰਿਤ ਵੇਲੇ ਦਾ ਵਕਤ ਹੈ। ਭਾਈ ਜੀ ਥੰਮ ਨਾਲ ਨਰੜੇ ਹੋਏ, ਸੰਗਲਾਂ ਵਿਚ ਜਕੜੇ ਹੋਏ, ਉਚੇ ਧੁਨੀ ਵਿਚ ਸ੍ਰੀ ਦਸਮੇਸ਼ ਜੀ ਦਾ ਧਿਆਨ ਧਰ ਕੇ ਇਹ ਸ਼ਬਦ ਅਲਾਪ ਰਹੇ ਹਨ :—

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥
ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥੧॥
ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥
ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥੧॥ਰਹਾਉ॥
ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥
ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥੨॥
ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥
ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥੩॥
ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥ [ਸਧਨਾ ਜੀ, ਬਿਲਾਵਲੁ—੮੫੮]

'ਅਉਸਰ ਲਜਾ ਰਾਖਿ ਲੇਹੁ' ਦੀ ਤੁਕ ਬਾਰੰ ਬਾਰ ਪੜ੍ਹਦੇ ਪੜ੍ਹਦੇ ਮੂਰਛਤ ਹੋ ਗਏ। ਪਿੰਡ ਦੇ ਕੋਠਿਆਂ ਉਪਰ ਦੀ ਸਿਰ-ਪਟ ਦੌੜੇ ਆਉਂਦੇ ਘੋੜੇ ਦੀਆਂ ਕੜਕਾਟ ਟਾਪਾਂ ਪਿੰਡ ਵਾਲਿਆਂ ਨੇ ਸੁਣੀਆਂ। ਕਈ ਕੋਠਿਆਂ


www.AKJ.Org

ਦੀਆਂ ਛੱਤਾਂ ਡਿਗ ਪਈਆਂ । ਉਧਰ ਭਾਈ ਸਰੇਵਣ ਸਿੰਘ ਦੇ ਸੰਗਲ ਟੁਟ ਗਏ । ਬੁਖ਼ਾਰ ਲਥ ਗਿਆ । ਸ੍ਰੀ ਦਸਮੇਸ਼ ਜੀ ਦੇ ਬਿਸਮਾਦੀ ਦਰਸ਼ਨਾਂ ਦੀਆਂ ਝਲਕਾਂ ਪਈਆਂ, ਸਾਰੇ ਦੁਖ ਵਿਸੂਰੇ ਲਾਹ ਗਈਆਂ ।

ਇਹ ਪਰਤੱਖ ਬੀਤਿਆ ਬ੍ਰਿਤਾਂਤ ਦਾਸ ਨੂੰ ਉਨ੍ਹਾਂ ਦੇ ਪਿੰਡ ਫਲੇਵਾਲ ਦੇ ਮਾਸਟਰ ਧਰਮ ਸਿੰਘ ਜੀ ਨੇ (ਜੋ ਖ਼ਾਲਸਾ ਹਾਈ ਸਕੂਲ ਲੁਧਿਆਣਾ ਦੇ ਰੀਟਾਇਰ ਹੈਡਮਾਸਟਰ ਹਨ) ਆਪਣੀ ਜ਼ਬਾਨੀ ਸੁਣਾਇਆ ਹੈ । ਗੁਜਰਵਾਲ ਦੇ ਕਈ ਮਹਾਜਨਾਂ ਨੇ ਉਸ ਸਮੇਂ ਢਾਬ ਵਲੋਂ ਪਿੰਡ ਗੁਜਰਵਾਲ ਦੇ ਵਿਚ ਦੀ ਲੰਘਦੇ ਘੋੜੇ ਦੀਆਂ ਟਾਪਾਂ ਵੀ ਸੁਣੀਆਂ ਹਨ । ਇਕ ਵਡਭਾਗਾ ਮਹਾਜਨ ਹਰਨਾਮ ਦਾਸ ਨਾਮ ਦਾ ਬ੍ਰਾਹਮਣ ਇਹ ਵੀ ਦਸਿਆ ਕਰਦਾ ਸੀ ਕਿ ਨੀਲੇ ਘੋੜੇ ਦੇ ਸ਼ਾਹ-ਸਵਾਰ ਦੇ ਝਲਕਾਰੀ ਦਰਸ਼ਨ ਵੀ ਉਸ ਕੀਤੇ ਹਨ । ਗੁਰੂ ਜਾਣੇ ਇਹ ਬ੍ਰਿਤਾਂਤ ਉਸ ਬ੍ਰਾਹਮਣ ਦਾ ਕਿਥੋਂ ਤਕ ਠੀਕ ਹੈ, ਪਰ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਸਤਿਗੁਰੂ ਸਾਹਿਬ ਜੀ ਨੇ ਉਸ ਅਵਸਰ ਤੇ ਇਹ ਕਉਤਕੀ ਚਮਤਕਾਰ ਪਰਗਟ ਪਾਹਾਰੇ ਆਸ਼ਕਾਰ ਕੀਤੇ ।......

ਭਾਈ ਸਰਵਣ ਸਿੰਘ ਜੀ ਦੇ ਉਚ ਗੁਰਮੁਖੀ ਜੀਵਨ ਦੇ ਅਨੇਕ ਨਿਤ ਵਰਤਦੇ ਕਉਤਕ ਉਨ੍ਹਾਂ ਦੇ ਨਿਕਟ-ਵਾਸੀ ਅੱਖੀਂ ਦੇਖ ਚੁਕੇ ਸਨ । ਅਜਿਹੀ ਜੀਵਨ ਵਾਲੀ ਜ਼ੀਵਨੀ ਦੇ ਹੁੰਦਿਆਂ ਹੋਇਆਂ ਅੰਤੀ ਅਉਸਰ ਕਈ ਖ਼ਾਮੀਆਂ ਤਰੁਟੀਆਂ ਭੀ ਆ ਪਈਆਂ । ਖਾਸ ਕਰ ਛਿਪੀ ਛਿਪੀ ਹੀ ਸੂਖਮ ਹਉਮੈ ਦੀ ਵਾਉ ਵਗ ਗਈ । ਬਹੁਤੀ ਸ਼ਲਾਘਾ ਹੋਣ ਕਰਕੇ ਇਹ ਗੁਪਤ ਰੋਗ ਸਣੇ ਸਣੇ ਉਹਨਾਂ ਦੀ ਕਰਾਂਤੀ ਵਿਚ ਆ ਘੁਸੜਿਆ । ਭਾਈ ਸਰਵਣ ਸਿੰਘ ਦੇ ਅਨਿੰਨ ਸ਼ਰਧਾਲੂਆਂ ਨੂੰ ਦਾਸ ਨੇ ਕਈ ਵਾਰ ਵੰਗਾਰ ਵੰਗਾਰ ਕੇ ਆਖਿਆ ਕਿ ਤੁਸੀਂ ਏਹਨਾਂ ਦੇ ਸਨਮੁਖ (ਮੂੰਹ ਤੇ) 'ਜੀਵਨ ਮੁਕਤ' ਨਾ ਆਖਿਆ ਕਰੋ । ਗੁਰਮਤਿ ਅਨੁਸਾਰ ਸਨਮੁਖ ਉਸਤਤਿ ਅਤੇ ਪਿਛੇ ਨਿੰਦਾ ਕਰਨੀ ਬਹੁਤ ਹੀ ਵਿਵਰਜਤ ਹੈ । ਕਹਿੰਦਿਆਂ ਕਹਿੰਦਿਆਂ ਭੀ ਟਲਣ ਵਾਲੇ ਨਾ ਹੀ ਟਲੇ, ਜਿਸ ਦਾ ਸਿੱਟਾ ਇਹ ਹੋਇਆ ਕਿ ਸੂਖਮ ਹਉਮੈ ਭਾਈ ਸਰਵਣ ਸਿੰਘ ਜੀ ਦੇ ਅੰਦਰ ਆ ਵੜੀ ਤੇ ਇਹ ਬੀਮਾਰੀ ਓਹਨਾਂ ਦੀ ਇਕ ਦਿਨ ਹੰਭਲਾ ਮਾਰ ਕੇ ਨਸ਼ਰ ਆ ਹੋਈ ।

ਅੰਬਾਲੇ ਛਾਉਣੀ ਦੇ ਗੁਰਦੁਆਰੇ ਵਿਖੇ ਸ੍ਰੀ ਆਸਾ ਜੀ ਦੀ ਵਾਰ ਦਾ ਅਖੰਡ ਕੀਰਤਨ ਕਈ ਦਿਨ ਹੁੰਦਾ ਰਿਹਾ । ਇਕ ਦਿਨ ਕੀਰਤਨ ਵਿਚ ਭਾਈ ਸਰਵਣ ਸਿੰਘ ਜੀ ਨਾ ਆਏ । ਆਪਣੇ ਕੁਝ ਸਾਥੀਆਂ ਨਾਲ ਉਤਾਰੇ ਵਾਲੀ ਥਾਂ ਦੇ ਸਿਖਰ ਛਤੇ ਲੰਮੇ ਪਏ ਰਹੇ । ਪਿਆਰਿਆਂ ਅਨਿੰਨ ਕੀਰਤਨੀਆਂ ਬਿਨਾਂ ਸਾਨੂੰ ਕੁਝ ਤਰੁਟੀ ਜਿਹੀ ਪ੍ਰਤੀਤ ਹੋਈ । ਸਾਡਾ ਜੀ ਨਾ ਲਗੇ । ਓੜਕ ਅਸੀਂ ਉਨ੍ਹਾਂ ਦੇ ਅਨਿੰਨ ਪਿਆਰੇ ਬਾਬੂ ਮੱਲ ਸਿੰਘ ਜੀ ਨੂੰ ਝੂਮ ਉਠਾਇਆ, ਕੀਰਤਨ-ਮੰਡਲ ਵਿਚੋਂ, ਕਿ ਜਾਓ, ਜਾ ਕੇ ਭਾਈ ਸਰਵਣ ਸਿੰਘ ਹੋਰਾਂ ਨੂੰ ਲੈ ਆਓ । ਬਾਬੂ ਮੱਲ ਸਿੰਘ ਜੀ ਨੇ ਲੰਮੇ ਪਏ ਸਰਵਣ ਸਿੰਘ ਹੋਰੀਂ ਜਾ ਹਲੂਣੇ ਅਤੇ ਆਖਿਆ, "ਸਾਰੀ ਸੰਗਤ ਯਾਦ ਕਰਦੀ ਹੈ, ਬੇਹਬਲਤਾ ਸਹਿਤ । ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਹੋ ਰਹੇ ਹਨ । ਦੀਵਾਨ ਲਗਾ ਹੋਇਆ ਹੈ । ਦੀਵਾਨ ਵਿਚ ਤੁਹਾਨੂੰ ਹਾਜ਼ਰ ਨਾ ਦੇਖ ਕੇ ਬੜੀ ਹੈਰਾਨਗੀ ਭਰੀ ਬਿਹਬਲਤਾ ਹੋ ਰਹੀ ਹੈ ।"

ਅਗੋਂ ਆਖਣ ਲਗੇ ਭਾਈ ਸਰਵਣ ਸਿੰਘ ਜੀ ਲੰਮੇ ਪਏ ਪਏ ਹੀ (ਅੱਖੀਆਂ ਮੀਟੀਆਂ ਮਿਟਾਈਆਂ), "ਸਾਡੇ ਤਾਂ ਅੰਦਰ ਹੀ ਆਸਾ ਜੀ ਦੀ ਵਾਰ ਲਗ ਰਹੀ ਹੈ ।" ਹੈਰਾਨ ਪ੍ਰੇਸ਼ਾਨ ਹੋ ਕੇ, ਬਾਬੂ ਮੱਲ ਸਿੰਘ ਜੀ ਮੁੜ ਆਏ, ਓਹੀ ਗੱਲ ਆਖ ਸੁਣਾਈ ਜੋ ਭਾਈ ਸਰਵਣ ਸਿੰਘ ਜੀ ਦੇ ਮੂੰਹੋਂ ਨਿਕਲੀ ਸੀ । ਅਸੀਂ ਫੇਰ ਦੂਜੀ ਵਾਰ ਬਾਬੂ ਮੱਲ ਸਿੰਘ ਜੀ ਅਤੇ ਭਾਈ ਪਿਆਰਾ ਜੀ ਦੋਹਾਂ ਨੂੰ ਭੇਜਿਆ । (ਭਾਈ ਪਿਆਰਾ ਸਿੰਘ ਜੀ ਨਾਲ ਤਾਂ ਓਹਨਾਂ ਦਾ ਬੜਾ ਹੀ ਸਤਿਕਾਰ ਭਰਿਆ ਪਿਆਰ ਸੀ) । ਓਹਨਾਂ ਦੋਹਾਂ ਪਿਆਰਿਆਂ ਨੂੰ ਭੀ ਏਵੇਂ ਹੀ ਆਖਿਆ, "ਸਾਡੇ ਤਾਂ ਅੰਦਰ ਹੀ ਵਾਰ ਲਗੀ ਹੋਈ ਹੈ, ਅੰਦਰੇ ਹੀ ਦੀਵਾਨ ਲਗਾ ਹੋਇਆ ਹੈ ।

ਤਿਸ ਪਰ ਬਾਬੂ ਮੱਲ ਸਿੰਘ ਜੀ ਹੋਰਾਂ ਨੇ ਸਵਾਲ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਬਿਨਾਂ ਦੀਵਾਨ ਕਾਹਦਾ ? ਇਸ ਸਵਾਲ ਕਰਨ ਪਰ ਉਸ ਦੀ ਸੂਖਮ ਹਉਮੈ ਸਥੂਲ ਰੂਪ ਧਾਰਨ ਕਰ ਕੇ ਬਾਹਰ ਭੜਕ ਉਠੀ, ਜਿਸ ਦਾ ਮੁਜੱਸਮ ਸਰੂਪ ਹੋ ਕੇ ਹਉਮੈ ਗ੍ਰਸਿਆ ਸਰਵਣ ਸਿੰਘ ਇਉਂ ਬਰੜਾ ਉਠਿਆ, ਪਰਤੱਖ

ਬੋਲ ਉਠਿਆ, "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀ ਲੋੜ ਹੈ?" ਦੋਹਾਂ ਵੀਰਾਂ ਨੇ ਮਿਲਵੀਂ ਬੋਲੀ ਵਿਚ ਆਖਿਆ ਕਿ ਤੁਸੀਂ ਫ਼ਲੇਵਾਲ ਆਪਣੀ ਕੁਟੀਆ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦੇ ਹੋ ਅਤੇ ਆਖਿਆ ਕਰਦੇ ਹੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਕਰਕੇ ਇਹ ਕੁਟੀਆ, ਕੁਟੀਆ ਨਹੀਂ ਬਲਕਿ ਗੁਰਦਵਾਰਾ ਹੈ। ਫੇਰ ਤਾਂ ਇਕ-ਦਮ ਵਾਹੀ ਤਬਾਹੀ ਬਕਵਾਸ ਕਰਨ ਲਗ ਪਿਆ। ਹਉਮੈ ਦਾ ਕਮਲਾ ਹੋਇਆ (ਕਮਲਾ ਕੀਤਾ ਹੋਇਆ) ਸਰਵਣ ਸਿੰਘ ਬੋਲ ਉਠਿਆ, "ਮੇਰੇ ਭਾ ਦਾ ਦੇਹੁਰਾ, ਮਸੀਤ ਤੇ ਗੁਰਦਵਾਰੇ ਇਕੋ ਜਿਹੇ ਹਨ। ਮੈਂ ਫਲੇਵਾਲ ਜਾ ਕੇ ਕੁਟੀਆ ਨੂੰ ਢਾਹ ਦੇਵਾਂਗਾ ਅਤੇ ਥੋੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬਾਹਰ ਕਢ ਦਿਆਂਗਾ।"

ਅਜਿਹਾ ਊਲ ਜਲੂਲ ਹਉਮੈ ਜਨੂਨ ਭਰਿਆ ਬਕਵਾਸ ਸੁਣਕੇ, ਬੜੀ ਨਫ਼ਰਤ ਖਾ ਕੇ ਦੋਈ ਸਜੱਣ ਵਾਪਸ ਦੀਵਾਨ ਵਿਚ ਆ ਗਏ। ਦੀਵਾਨ ਦੀ ਸਮਾਪਤੀ ਪਰ ਉਨ੍ਹਾਂ ਨੇ ਭਰੀ ਸੰਗਤ ਵਿਚ ਬ੍ਰਿਤਾਂਤ ਦਸਿਆ ਤਾਂ ਸਾਰੀ ਸੰਗਤ ਨੇ ਇਕ-ਜ਼ਬਾਨ ਹੋ ਕੇ ਉਚਾਰਿਆ ਕਿ ਜੋ ਕੁਛ ਉਸ ਨੇ ਬੋਲਿਆ ਹੈ, ਮਹਾਂ ਕੁਫਰ ਤੋਲਿਆ ਹੈ। ਸਰਵਣ ਸਿੰਘ ਤਾਂ ਹੁਣ ਫਿਟ ਨਿਕਲਿਆ ਹੈ। ਹਉਮੈ ਉਸ ਨੂੰ ਖਾ ਗਈ। ਉਸ ਨੂੰ ਬਚਾਉਣ ਦਾ ਇਕੋ ਇਕ ਇਲਾਜ ਇਹ ਹੈ ਕਿ ਉਸ ਨੂੰ ਜਥੇ ਵਲੋਂ ਛੇਕਿਆ ਜਾਵੇ। ਮੁਕੰਮਲ ਬਾਈਕਾਟ ਉਸ ਦਾ ਕੀਤਾ ਜਾਵੇ। ਜਥੇ ਦਾ ਕੋਈ ਸਿੰਘ ਉਸ ਨਾਲ ਤਅੱਲਕ ਨਾ ਰਖੇ। ਗੁਰਮਤਾ ਪਾਸ ਹੋ ਗਿਆ। ਟੀਸੀ ਚੜ੍ਹੇ ਸਰਵਣ ਸਿੰਘ ਨੂੰ ਧੜੰਮ ਹੇਠਾਂ ਸੱਟਿਆ ਦੇਖਣਾ ਪਿਆ। ਸਭ ਸਜਣਾਂ ਨੇ ਉਹਨਾਂ ਦਾ ਮੁਕੰਮਲ ਬਾਈਕਾਟ ਕਰ ਦਿਤਾ। ਪਤਾ ਲਗਾ ਕਿ ਉਸ ਨਾਲ ਇਕ ਦੋ ਸਜਣ ਲੁਕਵਾਂ ਛਿਪਵਾਂ ਤੁਅੱਲਕ ਰਖਦੇ ਹਨ, ਉਹਨਾਂ ਦੇ ਨਾਲ ਉਸ ਦਾ ਬਹੁਤਾ ਪਿਆਰ ਸੀ। ਉਹਨਾਂ ਦੋਹਾਂ ਸਜਣਾਂ ਨੂੰ ਸੰਗਤ ਵਿਚ ਬੁਲਾ ਕੇ ਤਾੜਨਾ ਕੀਤੀ ਗਈ ਕਿ ਜਾਂ ਤਾਂ ਸੰਗਤ ਦਾ ਹੁਕਮ ਮੰਨੋ, ਛੇਕੇ ਹੋਏ ਸਰਵਣ ਸਿੰਘ ਨਾਲੋਂ ਤਅੱਲਕ ਤੋੜੋ, ਨਹੀਂ ਤਾਂ ਤੁਹਾਨੂੰ ਦੋਹਾਂ ਨੂੰ ਛੇਕਿਆ ਜਾਵੇਗਾ। ਉਨ੍ਹਾਂ ਨੇ ਸੰਗਤ ਦੀ ਆਗਿਆ ਮੰਨ ਕੇ ਛੇਕੇ ਹੋਏ ਸਰਵਣ ਸਿੰਘ ਦਾ ਸਾਥ ਛੱਡ ਦਿਤਾ।

ਫੇਰ ਤਾਂ ਦਿਨਾਂ ਵਿਚ ਹੀ ਉਸ ਦੀ ਹਉਮੈ ਦਾ ਅੜਾਟ ਨਿਕਲ ਗਿਆ, ਕੱਲਮ-ਕਲਾ ਰਹਿ ਗਿਆ ਸਮਝ ਕੇ ਉਸ ਦੀਆਂ ਅੱਖਾਂ ਖੁਲ੍ਹ ਗਈਆਂ। ਸੰਗਤ ਦੀ ਸ਼ਰਨੀ ਆ ਪਿਆ। ਹਰੇਕ ਸਮਾਗਮ ਵਿਚ ਆਵੇ ਤੇ ਜੋੜਿਆਂ ਵਿਚ ਲੇਟਿਆ ਰਹੇ, ਧੁਪ ਵਿਚ ਭੁਜਦਾ ਰਹੇ। ਮਹੀਨਾ ਭਰ ਤਲਮਲਾਉਂਦਾ ਰਿਹਾ, ਕਿਸੇ ਨੇ ਉਸ ਦਾ ਖ਼ਿਆਲ ਹੀ ਨਾ ਕੀਤਾ। ਓੜਕ ਡਡਿਆ ਉਠਿਆ, ਦੁਹਾਈ ਦਿਤੀ ਕਿ ਮੇਰੀ ਬਾਹੁੜੀ ਕਰੋ, ਜੋ ਤਨਖ਼ਾਹ ਲਾਉਣੀ ਹੈ ਸੰਗਤ ਲਾ ਦੇਵੇ, ਪਰ ਮੈਨੂੰ ਬਖ਼ਸ਼ ਲਵੇ।

ਸਾਰੀ ਸੰਗਤ ਨੇ ਸਰਬ ਸੰਮਤੀ ਨਾਲ ਹੁਕਮ ਦਿਤਾ ਕਿ ਸਰਵਣ ਸਿੰਘ ਮੂੰਹ ਕਾਲਾ ਕਰ ਕੇ, ਛਿਤਰਾਂ ਦੀ ਮਾਲਾ ਗਲ ਵਿਚ ਪਾ ਕੇ ਗੱਧੇ ਤੇ ਚੜ੍ਹੇ। ਪੰਜਾਂ ਪਿੰਡਾਂ ਵਿਚ ਏਵੇਂ ਫਿਰੇ ਤੇ ਪੁਕਾਰ ਪੁਕਾਰ ਕੇ ਦਸਦਾ ਫਿਰੇ ਕਿ ਆਹ ਅਵੱਗਿਆ ਮੇਰੇ ਪਾਸੋਂ ਹੋਈ, ਜਿਸ ਕਾਰਨ ਤਨਖ਼ਾਹ ਸੰਗਤ ਵਲੋਂ ਲਾਈ ਗਈ। ਤਦ ਬਖ਼ਸ਼ਿਆ ਜਾ ਸਕਦਾ ਹੈ, ਐਵੇਂ ਨਹੀਂ। ਉਸ ਨੇ ਇਹ ਤਨਖ਼ਾਹ ਖ਼ੁਸ਼ੀ ਖ਼ੁਸ਼ੀ ਕਬੂਲ ਕੀਤੀ। ਉਸ ਦੇ ਪੂਰਬਲੇ ਚੰਗੇ ਅੰਕੂਰ ਜਾਗ ਆਏ, ਉਸ ਨੇ ਸੰਗਤ ਦਾ ਹੁਕਮ ਮੰਨ ਕੇ ਤਨਖ਼ਾਹ ਪੂਰੀ ਇਸ ਤਰ੍ਹਾਂ ਕੀਤੀ–

ਫਲੇਵਾਲ ਜਾ ਕੇ ਘੁਮਾਰਾਂ ਤੋਂ ਗੱਧਾ ਲਿਆ ਤੇ ਤਵੇ ਦੀ ਕਾਲਖ ਨਾਲ ਤੇਲ ਰਲਾ ਕੇ ਮੂੰਹ ਕਾਲਾ ਕੀਤਾ, ਗਲ ਵਿਚ ਛਿਤਰਾਂ ਦੀ ਮਾਲਾ ਪਾਈ ਤੇ ਗੱਧੇ ਤੇ ਸਵਾਰ ਹੋ ਗਿਆ। ਇਸ ਤਰ੍ਹਾਂ ਉਹ ਫਲੇਵਾਲ, ਗੁਜਰਵਾਲ, ਨਾਰੰਗਵਾਲ, ਲੋਹਗੜ੍ਹ ਤੇ ਮਹਿਮਾ ਸਿੰਘ ਵਾਲਾ, ਪੰਜਾਂ ਪਿੰਡਾਂ ਵਿਚ ਗੱਧੇ 'ਤੇ ਚੜ੍ਹਿਆ ਚੜ੍ਹਾਇਆ ਫਿਰਿਆ। ਉਹ ਕੁਲ ਦੀ ਕਾਣ-ਕਣੋਡ ਛਡ ਕੇ ਆਪਣੀ ਅਵੱਗਿਆ ਆਪਣੇ ਮੂੰਹੋਂ ਥਾਂ ਥਾਂ ਖੜਾ ਹੋ ਕੇ ਦਸਦਾ ਰਿਹਾ। ਜਦ ਨਾਰੰਗ-ਵਾਲ ਆਇਆ ਤਾਂ ਸਾਡੇ ਗ੍ਰਿਹ ਵਿਖੇ ਜਥੇ ਦਾ ਇਕੱਠ ਸੀ ਤੇ ਦੀਵਾਨ ਸਜਿਆ ਹੋਇਆ ਸੀ। ਸਾਡੀ ਮਾਤਾ ਨੇ ਹੰਝੂਆਂ ਨਾਲ ਪੁਲਕ੍ਰਿਤ ਹੋ ਕੇ ਤੇ ਗਲਵਕੜੀ ਪਾ ਕੇ ਉਸ ਨੂੰ ਗੱਧੇ ਤੋਂ ਉਤਾਰਿਆ ਤੇ ਭਰੇ ਦੀਵਾਨ ਵਿਚ ਸੰਗਤ ਦੇ ਆ ਪੇਸ਼ ਕੀਤਾ। ਸਾਰੀ ਸੰਗਤ ਦੇਖ ਕੇ ਦ੍ਰਵੀ-ਭੂਤ ਹੋ ਗਈ। ਦਾਸ ਨੂੰ ਹੁਕਮ ਹੋਇਆ ਕਿ ਇਸ ਦੀ ਕਾਲਖ ਲਾਹ ਕੇ ਮੁੜ ਸੰਗਤ ਵਿਚ ਬਿਠਾਵੋ। ਮਸਾਂ ਇਕ ਘੰਟੇ ਵਿਚ ਕਾਲਖ ਲੱਥੀ, ਪਰਮ ਨਿਰਮਲ ਚੇਹਰਾ ਹੋ ਗਿਆ। ਚੇਹਰੇ✽

# 'ਕਾਇ ਪਰ ਗ੍ਰਿਹਿ ਜਾਇ'

ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥
ਚਿਤ੍ਰ ਗੁਪਤ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥ (੪॥੧੫॥੨੬)
ਸੋਰਠਿ ਮਹਲਾ ੫, ਪੰਨਾ ੬੧੬

ਭਾਵ—ਪਰ-ਇਸਤ੍ਰੀ-ਗਾਮੀ ਪੁਰਸ਼ (ਜਾਂ ਪਰ-ਪੁਰਸ਼ ਨਾਲ ਝਖ ਮਾਰਨ ਵਾਲੀਆਂ ਇਸਤ੍ਰੀਆਂ) ਆਪਣੇ ਪਾਪ ਕਰਮ ਨੂੰ ਢਕਣ (ਲੋਕਾਂ ਪਾਸੋਂ ਛੁਪਾਉਣ) ਲਈ ਬਿਵਰਜਤ ਬਿਭਚਾਰ ਕਰਮ ਕਰਨ ਖ਼ਾਤਰ, ਅੰਦਰੋਂ ਕਿਵਾੜ (ਬੂਹੇ) ਮਾਰਦੇ ਹਨ ਅਤੇ ਹੋਰ ਭੀ ਅਨਿਕ ਪ੍ਰਕਾਰ ਦੀਆਂ ਪੜਦਾ-ਪੋਸ਼ੀਆਂ ਕਰਦੇ ਹਨ, ਪਰ ਅਗੇ ਜਾ ਕੇ ਜਦੋਂ ਧਰਮਰਾਇ ਦੇ ਦਰਬਾਰ ਵਿਚ ਚਿਤਰ ਗੁਪਤ ਖ਼ੁਦ ਆਪਣੀ ਡਿਠੀ ਗਵਾਹੀ ਦੇਣਗੇ ਬਿਭਚਾਰ ਕਰਮ ਦੀ, ਤਾਂ ਓਥੇ ਪੜਦਾ ਉਘੜ ਜਾਣਾ ਹੈ, ਢਕਿਆ ਨਹੀਂ ਰਹਿਣਾ। ਕਿਉਂਕਿ ਭਾਵੇਂ ਲਖਾਂ ਪੜਦਿਆਂ ਵਿਚ ਪਾਪ ਕਮਾਏ ਜਾਣ, ਗੁੱਝਾ ਨਹੀਂ ਰਹਿਣਾ। ਚਿਤਰ ਗੁਪਤ ਹਰ ਦੰਮ ਹਰ ਜਗਹ ਸਾਥ ਰਹਿੰਦੇ ਹਨ। ਹੋਰ ਤਾਂ ਹੋਰ, ਘਟ ਘਟ ਦਾ ਅੰਤਰਯਾਮੀ ਹਨੇਰੇ, ਚਾਨਣੇ ਹਰ ਥਾਂ ਮੌਜੂਦ ਹੈ ਤੇ ਅੰਤਰ ਬਾਹਰ ਦੀ ਗਤਿ ਜਾਨਣਹਾਰ ਹੈ। ਉਸ ਪਾਸੋਂ ਕੋਈ ਕੀਤਾ ਕਰਮ ਕਿਸੇ ਪ੍ਰਾਣੀ ਦਾ ਛੁਪਿਆ ਨਹੀਂ ਰਹਿੰਦਾ। ਚਾਹੇ ਕੋਈ ਧਰਤੀ ਵਿਚ ਬਹਿ ਕੇ, ਪਤਾਲ ਵਿਚ ਉਤਰ ਕੇ ਕਰਮ ਕਮਾਵੇ।

ਪਰ-ਤ੍ਰਿਆ-ਗਾਮੀਆਂ ਨੂੰ ਅਤੇ ਪਰ-ਪੁਰਸ਼ ਰਮਨੀਆਂ ਨੂੰ ਜੇਕਰ ਇਸ ਉੱਪਰਲੇ ਵਾਕ ਦੀ ਦਸੀ ਹਕੀਕਤ ਮਨ ਬਚ ਕਰਮ ਕਰਕੇ ਜ਼ਿਹਨ-ਨਸ਼ੀਨ ਹੋ ਜਾਵੇ ਤਾਂ ਪਾਪ ਕਰਮ ਕੋਈ ਨ ਕਰੇ। ਜੇ ਗੁਰੂ ਕੇ ਸਿਖਾਂ ਨੂੰ ਇਸ ਗੁਰਵਾਕ ਦੀ ਸਚਾਈ ਤੇ ਪੱਕਾ ਯਕੀਨ ਦ੍ਰਿੜ੍ਹ ਹੋ ਜਾਵੇ ਤਾਂ ਕੋਈ ਭੀ ਪਤਿਤ ਨ ਹੋਣਾ ਪਾਵੇ। ਸਮੂਹ ਗੁਰਸਿਖਾਂ ਪ੍ਰਤੀ ਨਿਸਚਿਤ ਰਹੇ ਕਿ ਉਪਰਲੇ ਗੁਰ-ਪ੍ਰਮਾਣ ਦੀ ਸਚਾਈ ਦੀ ਰੋਸ਼ਨੀ ਅੰਦਰ ਦਰਸਾਈ ਦਸਾਈ ਚਿਤਰ ਗੁਪਤ ਦੀ ਹੋਂਦ ਸਹੀ ਅਤੇ ਸੱਚ ਹਕੀਕਤ ਹੈ।

ਪਾਤਕਾਂ, ਪਤਿਤ ਕਰਮੀਆਂ ਦਾ ਪਿਛਲਾ ਲੇਖਾ ਤਦੇ ਮੁਕਦਾ ਹੈ, ਜੇਕਰ ਨਾਮ ਦੀ ਪੂੰਜੀ, ਗੁਰਮੁਖਾਂ ਪੰਜ ਪਿਆਰਿਆਂ ਦੇ ਪੁੰਜ ਸੰਤਾਂ ਪਾਸੋਂ ਗੁਰੂ ਸਾਹਿਬ ਦੇ ਤਾਬਿਆ ਮਿਲਣ ਪਸਚਾਤ, ਉਹ ਪਤਿਤ-ਕਰਮੀ ਫੇਰ ਪਤਿਤ ਕਰਮ ਨਾ ਕਮਾਉਣ।......

ਧਰਮਰਾਇ ਸਬੰਧੀ ਅਗਲਾ ਗੁਰਵਾਕ ਕੈਸਾ ਸਪੱਸ਼ਟ ਹੈ। ਯਥਾ ਗੁਰਵਾਕ—

ਗੁਪਤ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥
ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥੧॥

---

✽ ਤੇ ਉਹ ਰੱਬੀ ਜਲਾਲ ਆਇਆ ਜਿਸ ਦਾ ਜਮਾਲ ਕਿਸੇ ਤੋਂ ਝਲਿਆ ਨਾ ਜਾਵੇ। ਕਮਾਲ ਦੀ ਗਰੀਬੀ ਅਜ ਭਾਈ ਸਰਵਣ ਸਿੰਘ ਜੀ ਦੇ ਰਗੋ-ਰੇਸ਼ੇ ਵਿਚ ਛਾ ਗਈ, ਸਿੱਖੀ ਸਿਦਕ ਦੇ ਜਾਹੋ ਜਲਾਲ ਵਾਲੇ ਕਮਾਲ ਵਿਚ ਸਾਵਧਾਨ ਹੋਇਆ। ਬਿਬੇਕ ਸਰਬ-ਲੋਹ ਦੀ ਰਹਿਤ ਰਹਿਣੀ ਵਿਚ ਸਾਵਧਾਨ ਹੁੰਦਾ ਹੋਇਆ, ਰਹਿੰਦੀ ਆਯੂ ਬਤੀਤ ਕਰਨ ਲਗਾ। ਅਗੇ ਨਾਲੋਂ ਭੀ ਦਸ ਗੁਣੀ ਕਾਰ ਸੁਕ੍ਰਿਤ ਕਰਨੀ ਗੁਰੂ ਘਰ ਦੀ ਕਮਾਵਣ ਲਗਾ।

ਅਗੇ ਨਾਲੋਂ ਭੀ ਸੌ ਗੁਣਾ ਵਧੇਰੇ ਸਤਿਕਾਰ ਭਾਈ ਸਰਵਣ ਸਿੰਘ ਜੀ ਦਾ ਸੰਗਤ ਵਿਚ ਹੋਣ ਲਗਾ, ਪਰੰਤੂ ਅਤਿ ਦਰਜੇ ਦੀ ਨਿੰਮਰਤਾ ਵਿਚ ਲੀਨ ਹੋ ਕੇ ਅਜਰ ਨੂੰ ਜਰਨ ਵਾਲੀ ਅਤੇ ਉਚ ਆਤਮ ਅਵਸਥਾ ਨੂੰ ਪ੍ਰਾਪਤ ਹੁੰਦੇ ਹੋਏ, ਹਰਿ-ਰੰਗ-ਰੰਗੀ ਜੀਵਨੀ ਬਤੀਤ ਕਰਨ ਲਗਾ। ਇਤਨੇ ਨੂੰ ਹੁਕਮ ਅੰਦਰ ਜੇਲ੍ਹ ਯਾਤਰਾ ਭੁਗਤਣ ਲਈ ਅਸੀਂ ਉਮਰ-ਕੈਦ ਹੋ ਕੇ ਜੇਲ੍ਹਾਂ ਵਿਚ ਚਲੇ ਗਏ, ਸਾਡੇ ਪਿਛੋਂ ਹੀ ਸਾਡੇ ਪਰਮ ਵੀਰ ਭਾਈ ਸਰਵਣ ਸਿੰਘ ਜੀ ਗੁਰਪੁਰੀ ਪਧਾਰ ਗਏ।

['ਰੰਗਲੇ ਸਜਣ' ਪੁਸਤਕ ਵਿਚੋਂ


www.AKJ.Org

ਰੇ ਨਰ ਕਾਇ ਪਰ ਗ੍ਰਿਹਿ ਜਾਇ ॥
ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮਰਾਇ ॥੧॥ਰਹਾਉ॥ (੫॥੨॥੧੧॥)
ਮਾਰੂ ਮ: ੫, ਪੰਨਾ ੧੦੦੧

ਭਾਵ–ਪਰਾਈ ਇਸਤ੍ਰੀ ਨਾਲ ਵਿਸ਼ੇ ਭੋਗ (ਬਿਭਚਾਰ) ਕਰਨ ਵਾਲਿਆਂ ਨੂੰ ਇਸ ਗੁਰਵਾਕ ਦੁਆਰਾ ਤਕੜੀ ਕੰਨ-ਖੋਲ੍ਹਵੀਂ ਚਪੇੜ ਲਾਈ ਗਈ ਹੈ ਤੇ ਉਪਦੇਸ਼ਿਆ ਗਿਆ ਹੈ:- ਹੇ ਅਮੋੜ ਨਰ ! ਤੂੰ ਕਿਸ ਵਾਸਤੇ (ਕਾਹਨੂੰ) ਪਰ-ਗ੍ਰਿਹ ਜਾਂਦਾ ਹੈਂ ਅਤੇ ਪਰ-ਇਸਤ੍ਰੀ ਨਾਲ ਬਿਭਚਾਰ ਕਮਾਂਦਾ ਹੈਂ ? ਆਪਣੇ ਜਾਣੇ ਇਸ ਕਰਕੇ ਬੇਖ਼ੌਫ਼ ਹੋ ਕੇ ਇਹ ਵਿਸ਼ਾ (ਪਰ-ਗ੍ਰਿਹ ਜਾ ਕੇ ਪਰ-ਤ੍ਰਿਅ ਰਮਣ ਵਾਲਾ) ਭੋਗਦਾ ਹੈਂ ਕਿ ਕੋਈ ਦੇਖਦਾ ਥੋੜੇ ਹੈ। ਪਰ ਗੁਰੂ ਸਾਹਿਬ ਇਹ ਭਰਮ-ਭੁਲਾਵਾ ਦੂਰ ਕਰਦੇ ਹਨ ਇਉਂ ਉਚਾਰ ਕੇ ਕਿ ਤੂੰ ਚੋਰੀਓਂ ਬਿਭਚਾਰ ਪਰ-ਇਸਤ੍ਰੀ ਨਾਲ ਕਰ ਕੇ ਸਿਰਫ਼ ਮਨੁੱਖਾਂ, ਅਲਪਗ ਇਨਸਾਨਾਂ ਨੂੰ ਹੀ ਧੋਖਾ ਦੇ ਸਕਦਾ ਹੈਂ, ਅਲਪਗ ਇਨਸਾਨ ਤੋਂ ਹੀ ਇਸ ਪਾਪ ਦੀ ਚੋਰੀ ਰੱਖ ਸਕਦਾ ਹੈਂ। ਪਰ ਹੇ ਮੂੜ੍ਹ ! ਉਸ ਵਾਹਿਗੁਰੂ ਕਰਤੇ ਪੁਰਖ ਅੰਤਰਯਾਮੀ ਤੋਂ ਤੂੰ ਕਿਵੇਂ ਚੋਰੀ ਰੱਖ ਸਕੇਂਗਾ ? ਜੋ ਹਰ ਥਾਉਂ, ਅੰਦਰ ਬਾਹਰ, ਗੁਪਤ ਥਾਵਾਂ ਤੇ ਭੀ ਗੁਪਤੋ ਗੁਪਤ ਵਿਆਪ ਰਹਿਆ ਹੈ ਅਤੇ ਤੈਨੂੰ ਪਾਪ ਕਮਾਉਂਦੇ ਨੂੰ ਦੇਖਦਾ ਹੈ। ਚਾਹੇ ਤੈਨੂੰ ਉਹ ਗੁਪਤ ਅਤੇ ਸਰਬ ਵਿਆਪਕ ਵਾਹਿਗੁਰੂ ਦਿਸਦਾ ਨਹੀਂ, ਪਰ ਉਹ ਤਾਂ ਤੈਨੂੰ ਦੇਖਦਾ ਹੈ। ਐਸੇ ਹਾਜ਼ਰ-ਨਾਜ਼ਰ ਵਾਹਿਗੁਰੂ ਨੂੰ ਵਿਸਾਰ ਕੇ ਕਾਮ-ਚੇਸ਼ਟਾ ਦਾ ਗ੍ਰਸਿਆ ਹੋਇਆ ਪਰ-ਤ੍ਰਿਆ ਰਮਤ ਵਿਸ਼ੇ ਭੋਗਦਾ ਹੈਂ। ਪਰ ਤੈਨੂੰ ਇਹ ਪਤਾ ਨਹੀਂ ਕਿ ਅਗੇ ਜਾਂ ਕੇ ਤੇਰੇ ਨਾਲ ਕੀ ਬੀਤਣੀ ਹੈ ? ਸੋ ਗੁਰੂ ਸਾਹਿਬ ਦਸਦੇ ਹਨ ਕਿ ਅਗੇ ਜਾਂ ਕੇ ਤੱਤਿਆਂ ਅੰਗਿਆਰਾਂ ਵਾਂਗੂ ਭਖਦਿਆਂ ਥੰਮਾਂ ਨਾਲ ਤੇਰੇ ਜਫੇ ਪੁਆਏ ਜਾਣਗੇ। ਜਿਵੇਂ ਤੂੰ ਪਰਾਈਆਂ ਇਸਤ੍ਰੀਆਂ ਨੂੰ ਜੱਫੀਆਂ ਪਾ ਕੇ ਬਿਭਚਾਰ ਕਰ ਕੇ ਪਾਪ ਕਮਾਂਵਦਾ ਹੈਂ, ਤਿਵੇਂ ਹੀ (ਇਹਨਾਂ ਦੇ ਬਦਲੇ) ਤੈਨੂੰ ਸਜ਼ਾਵਾਂ ਇਹੋ ਜਿਹੀਆਂ ਹੀ ਅਗੇ ਜਾ ਕੇ ਭੁਗਤਣੀਆਂ ਪੈਣਗੀਆਂ, ਅਰਥਾਤ, ਤੱਤਿਆਂ ਥੰਮਾਂ ਨਾਲ ਨਰੜ ਨਰੜ ਕੇ ਤੈਨੂੰ ਚਮੇੜਿਆ ਜਾਊ। ਇਉਂ ਮਤ ਖ਼ਿਆਲ ਕਰੀਂ ਕਿ ਤੇਰੇ ਗੁਹਜ ਪਾਪਾਂ ਨੂੰ ਕੋਈ ਦੇਖਣਹਾਰਾ ਨਹੀਂ। ਪਹਿਲਾਂ ਤਾਂ ਹਾਜ਼ਰਾ ਹਜ਼ੂਰ ਵਾਹਿਗੁਰੂ ਦੇਖਦਾ ਹੈ। ਗੁਪਤ ਤੋਂ ਗੁਪਤ ਥਾਉਂ ਵਿਖੇ ਦੇਖਣਹਾਰਾ ਹੈ। ਦੂਜੇ ਚਿਤਰ ਗੁਪਤ ਧਰਮਰਾਇ ਦੇ ਛਡੇ ਹੋਏ ਮੁਨਸ਼ੀ ਤੇਰੀ ਹਰੇਕ ਹਰਕਤ ਦੇ ਸ਼ਾਹਦੇ ਹਾਲ ਹਨ। ਉਹ ਤੇਰੇ ਕੀਤੇ ਕਰਮਾਂ ਦੀ ਉਗ੍ਰਾਹੀ ਦੇਣਗੇ। ਫੇਰ ਤੈਥੋਂ ਮੁਕਰਿਆ ਨਹੀਂ ਜਾਣਾ। ਹੇ ਕੁਚੀਲ ਕਾਮੀ ਪੁਰਸ਼ ! ਹੇ ਗੱਧੇ ! ਤੈਂ ਕਦੇ ਧਰਮਰਾਇ ਸੁਣਿਆ ਨਹੀਂ ? ਜੇ ਨਹੀਂ ਸੁਣਿਆ ਤਾਂ ਅਸੀਂ ਤੈਨੂੰ ਸੁਣਾਉਂਦੇ ਹਾਂ ਕਿ ਧਰਮਰਾਇ ਜ਼ਰੂਰ ਹੈ ਅਤੇ ਪਾਪੀਆਂ ਦੇ ਕਰਮਾਂ ਦਾ ਹੱਥੋ-ਹੱਥ ਸਚੋ-ਸੱਚ ਨਿਬੇੜਾ ਕਰਨਹਾਰਾ ਪਰਮਾਤਮਾ ਨੇ ਖ਼ੁਦ ਇਸ ਕੰਮ ਲਈ ਥਾਪਿਆ ਹੈ। ਉਹ ਕਾਮੀਆਂ, ਵਿਸ਼ੇ-ਗਾਮੀਆਂ ਨੂੰ ਤੱਤਿਆਂ ਥੰਮਾਂ ਦੇ ਨਾਲ ਜਫੜੀਆਂ ਪੁਆ ਕੇ ਸਜ਼ਾਵਾਂ ਦੇਂਦਾ ਹੈ। ਤੈਨੂੰ ਅਗਲੀ ਗੱਲ ਦਾ ਪਤਾ ਇਉਂ ਕਰਾਉਂਦੇ ਹਾਂ ਕਿ ਅਵੱਸ਼ ਅਗੇ ਜਾ ਕੇ ਇਹ ਬਿਕਟ ਸਜ਼ਾਈਂ ਬਿਭਚਾਰ ਪਾਪ ਕਰਮਾਂ ਦੇ ਬਦਲੇ ਮਿਲਣਗੀਆਂ। ਤੈਨੂੰ ਦੱਸਦੇ ਹਾਂ ਕਿ 'ਕਾਇ ਪਰ ਗ੍ਰਿਹਿ ਜਾਇ' ? ਪਰਾਈ ਇਸਤ੍ਰੀ ਨਾਲ ਬਿਭਚਾਰ ਕਰਮ ਕਰਨੋਂ ਮੂਲੋਂ ਹੀ ਸੰਕੋਚ ਰਖ, ਤਾਂ ਬਚੇਂਗਾ ਇਹਨਾਂ ਅਗਲੀਆਂ ਅਵੱਸ਼ ਮਿਲਣ ਵਾਲੀਆਂ ਘੋਰ ਸਜ਼ਾਵਾਂ ਤੋਂ। [ਭਾ: ਸਾ: ਰਣਧੀਰ ਸਿੰਘ ਜੀ ਲਿਖਤ ਪੁਸਤਕ 'ਅਣਡਿੱਠੀ ਦੁਨੀਆ' ਚੋਂ

---

## ਰਸ-ਜੋਤਿ-ਪ੍ਰਕਾਸ਼ ਅਵਸਥਾ

ਨਾਮ ਨੂੰ ਜਪਣਾ, ਨਾਮ ਦਾ ਅਭਿਆਸ ਕਰਨਾ ਨਾਮ ਰੂਪੀ ਪਾਰਸ ਨੂੰ ਪਰਸਣਾ ਹੈ। ਇਹ ਐਸਾ ਪਾਰਸ ਹੈ ਜਿਸ ਨੂੰ ਖਿਨ ਖਿਨ ਪਰਸਣ ਦੀ ਲੋੜ ਹੈ। ਜਿਉਂ ਜਿਉਂ ਇਸ ਨੂੰ ਪਰਸੋਗੇ ਤਿਉਂ ਤਿਉਂ ਪਾਰਸ ਹੁੰਦੇ ਚਲੇ ਜਾਓਗੇ। ਪਾਰਸ ਪਰਸਣ ਵਾਲਾ ਅਮਲ-ਅਭਿਆਸ ਪਰੇ ਤੋਂ ਪਰੇ ਹੈ। ਲੋਕ ਤਾਂ ਛੂ-ਮੰਤਰ ਕੀ ਛਾਈ ਹੀ ਲੋੜਦੇ ਹਨ, ਪਰ ਗੁਰੂ ਘਰ ਵਿਚ ਸਭ ਕੁਛ ਹੈ। ਅੰਮ੍ਰਿਤ-ਨਾਮ, ਪਾਰਸ-ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਜਿਸ ਅੰਮ੍ਰਿਤ-ਅਧਿਕਾਰੀ ਸਿੱਖੀ ਦੇ ਜਗਿਆਸੂ ਨੂੰ ਅੰਮ੍ਰਿਤ ਛਕਣ ਸਮੇਂ ਨਾਮ ਗੁਰ-ਮੰਤ੍ਰ ਦੀ ਅਮਰ-ਜੀਵਨ-ਗੁੜ੍ਹਤੀ ਮਿਲ ਗਈ, ਉਸ ਦੇ ਅੰਤਰ-ਆਤਮੇ ਅੰਮ੍ਰਿਤ ਛਕਣ-ਸਾਰ ਅਤੇ ਅੰਮ੍ਰਿਤ-ਨਾਮ ਮਿਲਣ ਸਾਰ ਹੀ ਛਿਨਕ ਮਾਤਰ ਵਿਚ ਪਾਰਸ-ਕਲਾ ਪਰਵੇਸ਼ ਹੋ ਜਾਂਦੀ ਹੈ। ਰਸ-ਜੋਤਿ-ਪ੍ਰਕਾਸ਼ ਵਾਲੀ ਬਿਵਸਥਾ ਕੇਵਲ ਇਸ ਅੰਮ੍ਰਿਤ-ਨਾਮ ਦੀ ਪਾਰਸ-ਕਲਾ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਜਿਉਂ ਜਿਉਂ ਨਾਮ-ਅਭਿਆਸ ਕਮਾਈ ਹੋਵੇਗੀ, ਤਿਉਂ ਤਿਉਂ ਰਸ-ਜੋਤਿ-ਪ੍ਰਕਾਸ਼-ਕਣੀ ਦਾ ਵਿਗਾਸ ਵਧੇਰੇ ਤੋਂ ਵਧੇਰੇ ਹੁੰਦਾ ਚਲਾ ਜਾਵੇਗਾ। ["ਬਾਬਾ ਵੈਦ ਰੋਗੀਆਂ ਦਾ" ਟ੍ਰੈਕਟ ਵਿਚੋਂ

www.AKJ.Org

# ਸਭ ਥਾਈਂ ਹੋਇ ਸਹਾਇ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਜੇ ਕੋ ਸਿਖੁ ਗੁਰੂ ਸੇਤੀ ਸਨਮੁਖ ਹੋਵੈ ॥ ਹੋਵੈ ਤ ਸਨਮੁਖ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥
ਕਹੈ ਨਾਨਕ ਸੁਣਹੁ ਸੰਤਹੁ ਸੋ ਸਿਖੁ ਸਨਮੁਖ ਹੋਏ ॥ —ਰਾਮਕਲੀ ਮ: ੩ (੯੧੯/੧੬)

ਅਰਦਾਸ ਸਤਿਗੁਰੂ ਦੇ ਸਨਮੁਖ ਹੋ ਕੇ ਕਰਨ ਦਾ ਆਦੇਸ਼ ਹੈ—

ਤਿਸੁ ਆਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ ॥ ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥
—ਸਿਰੀਰਾਗ ਮ: ੫ (੪੯/੧੦)

ਸਿੱਖੀ ਇਕ ਨਿਰੰਕਾਰ ਦੀ ਉਪਾਸ਼ਨਾ ਦਾ ਧਰਮ ਹੈ। ਨਿਰੰਕਾਰ ਸਭ ਥਾਈਂ ਵਿਆਪਕ ਹੈ, ਪਰ ਸਾਨੂੰ ਅਨੁਭਵ ਨਹੀਂ ਹੋਂਦਾ। ਉਸ ਨਾਲ ਸਾਡਾ ਸੰਬੰਧ ਨਹੀਂ ਜੁੜਦਾ। ਸੰਬੰਧ ਥਾਪਣ ਲਈ ਨਿਰੰਕਾਰ ਨੇ ਸਤਿਗੁਰੂ ਨੂੰ ਪਰਗਟ ਕੀਤਾ। ਗੁਰਤਾ ਦੀ ਸੰਸਥਾ ਨਿਰੰਕਾਰ ਦੀ ਆਪਣੀ ਪ੍ਰਸੰਨਤਾ ਨਾਲ ਹੋਂਦ ਵਿਚ ਆਈ ਹੈ। ਜਨਮ ਸਾਖੀ ਇਸ ਗੱਲ ਦੀ ਗਵਾਹੀ ਦੇਂਦੀ ਹੈ। ਸੁਲਤਾਨਪੁਰ ਲੋਧੀ ਜਦੋਂ ਬਾਬੇ ਨੇ ਵਈਂ ਨਦੀ ਵਿਚ ਤਿੰਨ-ਦਿਨ ਲੰਮੀ ਚੁੱਭੀ ਮਾਰੀ ਤਾਂ "ਪਰਮੇਸਰ ਦੇ ਸੇਵਕ ਗੁਰੂ ਨਾਨਕ ਦੇਵ ਜੀ ਨੂੰ ਪਰਮ ਪੁਰਖ ਪਾਸ ਲੈ ਗਏ, ਤਾਂ ਪਰਮਾਤਮਾ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਅੰਮ੍ਰਿਤ ਦਾ ਪਿਆਲਾ ਪੇਸ਼ ਕੀਤਾ। ਪਰਮਾਤਮਾ ਨੇ ਕਿਹਾ, ਨਾਨਕ ਇਹ ਅੰਮ੍ਰਿਤ ਦਾ ਪਿਆਲਾ ਤੂ ਤਸਲੀਮ ਕਰ। ਗੁਰੂ ਨਾਨਕ ਨੇ ਉਹ ਅੰਮ੍ਰਿਤ ਦਾ ਪਿਆਲਾ ਪੀਤਾ। ਪਰਮੇਸਰ ਨੇ ਆਵਾਜ਼ ਦਿੱਤੀ ਨਾਨਕ ਮੈਂ ਤੇਰੇ ਕੋਲ ਹਾਂ ਮੈਂ ਤੇਰੇ ਤਾਈਂ ਨਿਹਾਲ ਕੀਆ ਹੈ। ਤੂ ਜਾਇ ਕਰ ਮੇਰਾ ਨਾਮ ਜਪ ਅਰ ਲੋਕਾਂ ਥੀਂ ਭੀ ਜਪਾਇ। ਤੂ ਜਾ ਮੇਰੇ ਹੁਕਮ ਦੀ ਕਾਰ ਕਰ।... ਨਾਨਕ ਜਿਸ ਉਪਰ ਤੇਰੀ ਨਜ਼ਰ ਉਸ ਉਪਰ ਮੇਰੀ ਨਜ਼ਰ। ਜਿਸ ਉਪਰ ਤੇਰਾ ਕਰਮ ਉਸ ਉਪਰ ਮੇਰਾ ਕਰਮ। ਮੇਰਾ ਨਾਮ ਪਾਰਬ੍ਰਹਮ ਪਰਮੇਸਰ ਤੇਰਾ ਨਾਮ ਗੁਰੂ ਪਰਮੇਸਰ।"† ਇਉਂ ਸਤਿਗੁਰੂ ਇਕ ਪਾਸੇ ਨਿਰੰਕਾਰ ਨਾਲ ਅਭੇਦ ਹੈ ਤੇ ਦੂਜੇ ਪਾਸੇ ਸੰਸਾਰ ਨਾਲ ਸੰਬੰਧ ਜੋੜਦਾ ਹੈ। ਨਿਰੰਕਾਰ ਉਸ ਦੇ ਅੰਦਰੋਂ ਲੋਕਾਈ ਨਾਲ ਮੁਖ਼ਾਤਬ ਹੋਂਦਾ ਹੈ:—

ਗੁਰ ਮਹਿ ਆਪਿ ਸਮੋਇ ਸਬਦੁ ਵਰਤਾਇਆ ॥ —ਮਲਾਰ ਵਾਰ ਮ: ੧ (੧੨੭੯/੧੮)

ਅਤੇ—ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥
—ਆਸਾ ਵਾਰ ਮ: ੧ (੪੬੬/੮)

ਇਸ ਲਈ, ਸਤਿਗੁਰੂ ਦੇ ਸਨਮੁਖ ਹੋਣਾ, ਆਪ ਵਾਹਿਗੁਰੂ ਦੇ ਸਨਮੁਖ ਹੋਣਾ ਹੈ। ਸਤਿਗੁਰੂ ਅੱਗੇ ਅਰਦਾਸ ਵਾਹਿਗੁਰੂ ਅੱਗੇ ਅਰਦਾਸ ਹੈ।

ਭਗਤੀ ਮਾਰਗ ਵਿਚ ਤਾਂ ਕਈ ਲਾਡਲੇ ਭਗਤਾਂ ਨੇ ਪਰਮਾਤਮਾ ਨੂੰ ਵੀ ਗੁਰੂ ਦੇ ਤੁਲ ਨਹੀਂ ਸਮਝਿਆ। ਸਹਿਜੋ ਬਾਈ ਦੀ ਇਕ ਚੌਪਈ ਹੈ* ਜਿਸ ਵਿਚ ਉਸ ਨੇ ਗੁਰੂ ਦੀ ਸ੍ਰੇਸ਼ਟਤਾ ਹਰਿ ਤੋਂ ਵੀ ਵੱਧ ਦ੍ਰਿੜ੍ਹ ਕਰਾਈ ਹੈ।

† ਇਸੇ ਸੰਦਰਭ ਵਿਚ ਵੇਖੋ ਗੁਰਬਾਣੀ ਦੀ ਤੁਕ 'ਗੁਰੁ ਪਰਮੇਸਰੁ ਏਕੋ ਜਾਣੁ।'—(ਗੋਂਡ ਮ: ੫, ੮੬੪/੧੦)

* ਰਾਮ ਤਜੂੰ ਪੈ ਗੁਰ ਨ ਬਿਸਾਰੂੰ। ਗੁਰ ਕੇ ਸਮ ਹਰਿ ਕੋ ਨ ਨਿਹਾਰੂੰ।
ਹਰਿ ਨੇ ਜਨਮ ਦੀਓ ਜਗ ਮਾਹੀ। ਗੁਰ ਨੇ ਆਵਾਗਵਨ ਛੁਟਾਂਹੀ।
ਹਰਿ ਨੇ ਪਾਂਚ ਚੋਰ ਦੀਏ ਸਾਥਾ। ਗੁਰ ਨੇ ਲੀਨ ਛੁਟਾਇ ਅਨਾਥਾ।
ਹਰਿ ਨੇ ਕੁਟੰਬ ਜਾਲ ਮਹਿ ਗੇਰੀ। ਗੁਰ ਨੇ ਕਾਟੀ ਮਮਤਾ ਬੇੜੀ।
ਹਰਿ ਨੇ ਰੋਗ ਸੋਗ ਭਰਮਾਇਓ। ਗੁਰ ਯੋਗੀ ਕਰ ਸਬੈ ਛੁਟਾਇਓ।
ਹਰਿ ਨੇ ਧਰਮ ਕਰਮ ਭਰਮਾਇਓ। ਗੁਰ ਨੇ ਆਤਮ ਰੂਪ ਲਖਾਇਓ।
ਹਰਿ ਨੇ ਮੋ ਸੂੰ ਆਪ ਛਿਪਾਇਓ। ਗੁਰ ਦੀਪਕ ਦੇ ਤਾਂਹਿ ਦਿਖਾਇਓ।
ਫਿਰ ਹਰਿ ਬੰਧ ਮੁਕਤ ਗਤਿ ਲਾਏ। ਗੁਰ ਨੇ ਸਭ ਹੀ ਭਰਮ ਮਿਟਾਏ ॥ —ਸਹਿਜੋ ਬਾਈ


www.AKJ.Org

ਇਸ ਚੌਪਈ ਵਿਚ ਹਰਿ ਦੇ ਨਿਜ ਸਰੂਪ ਨੂੰ ਉਸ ਦੇ ਪਰਗਟ ਸਰੂਪ, ਗੁਰੂ, ਦੇ ਤੁਲ ਨਹੀਂ ਸਮਝਿਆ ਗਿਆ, ਕਿਉਂਕਿ "(੧) ਰੱਬ ਨੇ ਸੰਸਾਰ ਰਚਿਆ ਤੇ ਉਸ ਵਿਚ ਸਾਨੂੰ ਜਨਮ ਦਿੱਤਾ, ਪਰ ਗੁਰੂ ਨੇ ਸਾਨੂੰ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਦਿਵਾ ਦਿੱਤਾ; (੨) ਰੱਬ ਨੇ ਕਾਮ ਕ੍ਰੋਧ ਆਦਿ ਪੰਜ ਚੋਰ ਸਾਡੇ ਮਗਰ ਲਾਏ, ਪਰ ਗੁਰੂ ਨੇ ਸਾਨੂੰ ਨਿਆਸਰੇ ਜਾਣ ਕੇ ਇਹਨਾਂ ਤੋਂ ਬਚਾ ਲਿਆ; (੩) ਰੱਬ ਨੇ ਸਾਨੂੰ ਕੁਟੰਬ ਦੇ ਮੋਹ ਵਿਚ ਬੰਨ੍ਹਿਆ, ਪਰ ਗੁਰੂ ਨੇ ਮਮਤਾ ਦੇ ਬੰਧਨ ਕਟ ਦਿੱਤੇ; (੪) ਰੱਬ ਨੇ ਸਾਨੂੰ ਰੋਗਾਂ ਤੇ ਸੋਗਾਂ ਵਿਚ ਭਟਕਣ ਲਈ ਛੋੜਿਆ, ਪਰ ਗੁਰੂ ਨੇ ਯੋਗੀ ਬਣਾ ਕੇ ਇਹਨਾਂ ਤੋਂ ਅਤੀਤ ਕਰ ਦਿਤਾ; (੫) ਰੱਬ ਨੇ ਕਰਮਾਂ ਧਰਮਾਂ ਵਿਚ ਸਾਨੂੰ ਭਰਮਾਇਆ, ਪਰ ਗੁਰੂ ਨੇ ਆਤਮ ਰੂਪ ਨਾਲ ਸਾਡੀ ਜਾਣ ਪਛਾਣ ਕਰਾ ਦਿੱਤੀ; (੬) ਰੱਬ ਨੇ ਆਪਣੇ ਆਪ ਨੂੰ ਸਾਥੋਂ ਛੁਪਾਇਆ, ਪਰ ਗੁਰੂ ਨੇ ਗਿਆਨ-ਜੋਤਿ ਜਗਾ ਕੇ ਉਸ ਦਾ ਦੀਦਾਰ ਕਰਾ ਦਿੱਤਾ; (੭) ਰੱਬ ਨੇ ਸਾਡੇ ਲਈ ਬੰਧਨ ਤੇ ਮੁਕਤੀ ਦੀਆਂ ਦੋ ਹਾਲਤਾਂ ਪੈਦਾ ਕੀਤੀਆਂ, ਪਰ ਗੁਰੂ ਨੇ ਦੋਹਾਂ ਦਾ ਭਰਮ ਮਿਟਾ ਦਿੱਤਾ।" ਇਸ ਲਈ ਉਹ ਕਹਿੰਦੀ ਹੈ :

ਗੁਰ ਨ ਤਜੋਂ ਹਰਿ ਕੋ ਤਜ ਡਾਰੂੰ। —ਸਹਿਜੋ ਬਾਈ।

ਗੁਰਮਤਿ ਵਿਚ ਐਸੀ ਕਥਨੀ ਸ਼ਾਇਦ ਪਰਵ ਨ ਨ ਹੋਵੇ। ਇਥੇ ਤਾਂ ਵਾਹਿਗੁਰੂ ਦੀ ਮਿਹਰਾਮਤ ਹੀ ਗੁਰੂ ਥਾਣੀਂ ਪਰਗਟ ਹੋਈ ਹੈ—

ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥ —ਸਲੋਕ ਮ: ੫ (੧੪੨੯/੧੫)

ਵਾਹਿਗੁਰੂ ਦਾ ਪਿਆਰ ਗੁਰੂ ਰੂਪ ਹੋ ਕੇ ਪਰਗਟ ਹੋਇਆ ਹੈ। ਉਸ ਦਾ ਪ੍ਰਸਾਦ (=ਕਿਰਪਾ, ਮੇਹਰ) ਹੀ ਗੁਰੂ ਰੂਪ ਧਾਰ ਕੇ ਸਾਨੂੰ ਪ੍ਰਾਪਤ ਹੋਂਦਾ ਹੈ। "ਗੁਰ ਪ੍ਰਸਾਦਿ" ਦਾ ਏਹੋ ਅਰਥ ਹੈ। ਨਿਰੰਕਾਰ ਦੀ ਮਿਹਰਾਮਤ ਦਾ ਪੂਰਨ ਪੁੰਜ ਹੋਣ ਕਾਰਨ ਹੀ ਗੁਰੂ "ਪੂਰਾ ਪਰਮੇਸਰ" ਹੈ।

ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤਸਰੁ ॥<br>ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ ॥ —ਆਸਾ ਮ: ੫ (੩੯੭/੧)

ਏਹੋ ਹੀ ਨਹੀਂ, ਜੇਕਰ ਕੋਈ ਸਤਿਗੁਰੂ ਦੀ ਸਰਨੀ ਪੈ ਜਾਵੇ, ਤਾਂ ਵਾਹਿਗੁਰੂ ਆਪ ਉਸ ਦੀ ਰਾਖੀ ਕਰਨ ਆਉਂਦਾ ਹੈ—

ਸਤਿਗੁਰ ਸਰਨਿ ਪਏ ਸੇ ਥਾਪੇ ਤਿਨ ਰਾਖਨ ਕਉ ਪ੍ਰਭੁ ਆਵੈਗੋ ॥ —ਕਾਨੜਾ ਮ: ੪ (੧੩੧੩/੧੩)

ਇਸੇ ਲਈ ਅਰਦਾਸ ਦੀ ਮੁਢਲੀ ਪਉੜੀ ਵਿਚ ਸਤਿਗੁਰਾਂ ਦਾ ਅਭਿਨੰਦਨ ਹੀ ਨਹੀਂ, ਉਹਨਾਂ ਨੂੰ ਸਿਮਰਨ ਤੇ ਧਿਆਉਣ ਦਾ ਆਦੇਸ਼ ਵੀ ਹੈ, ਅੰਗ ਸੰਗ ਹੋ ਕੇ ਸਹਾਈ ਹੋਣ ਦੀ ਦੁਹਾਈ ਵੀ ਹੈ, ਤੇ ਗੁਰੂ ਦੇ ਆਪਣੇ ਬਿਰਦ ਦੀ ਚੇਤਾਵਨੀ ਵੀ—ਉਹ ਬਿਰਦ ਜੋ ਐਲਾਨੀਆ ਕਹਿੰਦਾ ਹੈ :

ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ। —ਗਉੜੀ ਮ: ੫ (੨੮੬/੧੦)

ਤੇ ਸਤਿਗੁਰ ਆਪਣੇ ਬਚਨਾਂ ਦਾ ਸੂਰਮਾ ਹੈ।*

ਸਤਿਗੁਰ ਕੇਵਲ ਅਕਾਲ ਪੁਰਖ ਨਾਲ ਹੀ ਅਭੇਦ ਨਹੀਂ, ਇਕ ਗੁਰੂ ਦੂਜੇ ਗੁਰੂ ਨਾਲ ਵੀ ਅਭੇਦ ਹੈ। ਆਪ ਗੁਰੂ ਗੋਬਿੰਦ ਸਿੰਘ ਜੀ ਇਸ ਸੱਚ ਦੀ ਸਾਖੀ ਭਰਦੇ ਹਨ—

ਸ੍ਰੀ ਨਾਨਕ ਅੰਗਦਿ ਕਰ ਮਾਨਾ ॥ ਅਮਰਦਾਸ ਅੰਗਦ ਪਹਿਚਾਨਾ ॥<br>ਅਮਰਦਾਸ ਰਾਮਦਾਸ ਕਹਾਯੋ ॥ ਸਾਧਨਿ ਲਖਾ, ਮੂੜ੍ਹ ਨਹਿ ਪਾਯੋ ॥੯॥......<br>ਰਾਮਦਾਸ ਹਰਿ ਸੋਂ ਮਿਲ ਗਏ ॥ ਗੁਰਤਾ ਦੇਤ ਅਰਜਨਹਿ ਭਏ ॥<br>ਜਬ ਅਰਜਨ ਪ੍ਰਭ ਲੋਕ ਸਿਧਾਏ ॥ ਹਰਿਗੋਬਿੰਦ ਤਿਹ ਠਾਂ ਠਹਿਰਾਏ ॥੧੧॥<br>ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ ॥ ਹਰੀ ਰਾਇ ਤਿਹ ਠਾਂ ਬੈਠਾਰੇ ॥<br>ਹਰੀ ਕ੍ਰਿਸ਼ਨ ਤਿਨ ਕੇ ਸੁਤ ਵਏ ॥ ਤਿਨ ਤੇ ਤੇਗ ਬਹਾਦਰ ਭਏ ॥੧੨॥.....

* ਹਉ ਬਲਿਹਾਰੀ ਸਤਿਗੁਰ ਪੂਰੇ ॥ ਸਰਣਿ ਕੇ ਦਾਤੇ ਬਚਨ ਕੇ ਸੂਰੇ ॥ —ਮਾਰੂ ਸੋਲਹੇ ਮ: ੫ (੧੦੭੩/੮)



www.AKJ.Org

ਭਿੰਨ ਭਿੰਨ ਸਬਹੂੰ ਕਰ ਜਾਨਾ ॥ ਏਕ ਰੂਪ ਕਿਨਹੂ ਪਹਿਚਾਨਾ ॥
ਜਿਨ ਜਾਨਾ ਤਿਨ ਹੀ ਸਿਧ ਪਾਈ ॥ ਬਿਨ ਸਮਝੇ ਸਿਧ ਹਾਥ ਨ ਆਈ ॥੧੦॥
—ਬਚਿਤ੍ਰ ਨਾਟਕ, ਧਿ: ੫

ਸਾਰੇ ਗੁਰੂ ਸਾਹਿਬਾਂ ਅੰਦਰ ਇਕੋ ਜੋਤਿ ਦਾ ਪ੍ਰਕਾਸ਼ ਸੀ। ਜੋਤਿ ਵਲੋਂ ਹੀ ਨਹੀਂ, ਸਤਿਗੁਰਾਂ ਵਿਚ ਜੁਗਤ ਵਲੋਂ ਵੀ ਅਭੇਦਤਾ ਸੀ : ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥
—ਰਾਮਕਲੀ ਵਾਰ : ਬਲਵੰਡ-ਸਤਾ (੯੬੬/੧੮)

ਇਸ ਲਈ ਕਿਸੇ ਇਕ ਗੁਰੂ ਦਾ ਧਿਆਨ ਸਮੱਸਤ ਸਤਿਗੁਰਾਂ ਦਾ ਧਿਆਨ ਹੈ; ਕਿਸੇ ਇਕ ਸਤਿਗੁਰੂ ਦਾ ਸਿਮਰਨ ਸਮੱਸਤ ਸਤਿਗੁਰਾਂ ਦਾ ਸਿਮਰਨ ਹੈ; ਕਿਸੇ ਇਕ ਸਤਿਗੁਰੂ ਦਾ ਦਰਸ਼ਨ ਸਮੱਸਤ ਸਤਿਗੁਰਾਂ ਦਾ ਸਫਲ ਦਰਸ਼ਨ ਹੈ; ਕਿਸੇ ਇਕ ਸਤਿਗੁਰੂ ਦੀ ਸਹਾਇਤਾ ਸਮੁੱਚੇ ਗੁਰੂ-ਗਣ ਦੀ ਸਹਾਇਤਾ ਹੈ।*

ਗੁਰੂ ਦੇ ਦੋ ਲਛਣ ਅਸਾਂ ਉਪਰ ਵਿਚਾਰੇ ਹਨ। ਇਹ ਹਨ (੧) ਦੈਵੀ ਬਖ਼ਸ਼ਿਸ਼ ਤੋਂ ਸਥਾਪਨਾ, ਤੇ (੨) ਜੋਤਿ ਜੁਗਤਿ ਦੀ ਏਕਤਾ। ਇਕ ਹੋਰ ਬੁਨਿਆਦੀ ਲੱਛਣ, ਗੁਰੂ ਦੀ "ਅਪੁਰਖਤਾ", ਹੈ। ਸਤਿਗੁਰੂ ਦੀ ਦੇਹ ਨਹੀਂ, ਗੁਰੂ ਦਾ ਸ਼ਬਦ ਗੁਰੂ ਹੈ—ਉਹ ਸ਼ਬਦ ਜੋ ਪਾਰਬ੍ਰਹਮ ਵਲੋਂ ਆਇਆ ਤੇ ਜੋ ਸਤਿਗੁਰਾਂ ਦੇ ਹਿਰਦੇ ਵਿਚੋਂ ਬਾਣੀ ਰੂਪ ਹੋ ਕੇ ਪਰਗਟ ਹੋਇਆ :

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ —ਵਡਹੰਸ ਵਾਰ, ਸਲੋਕ ੩ (੫੯੪/੧੧)

ਇਹ "ਖਸਮ ਕੀ ਬਾਣੀ" ਹੀ ਅਸਲ ਗੁਰੂ ਹੈ। ਇਸੇ 'ਸ਼ਬਦ' ਨੂੰ ਸਿੱਧਾਂ ਨਾਲ ਗੋਸ਼ਟ ਦੇ ਦੌਰਾਨ ਗੁਰੂ ਨਾਨਕ ਦੇਵ ਜੀ ਨੇ ਗੁਰੂ ਕਿਹਾ। ਸਬਦੁ ਗੁਰੂ ਸੁਰਤਿ ਧੁਨਿ ਚੇਲਾ। —ਰਾਮਕਲੀ ਮ: ੧ ਸਿਧ ਗੋਸਟਿ (੯੪੩/੧)

ਇਸੇ ਬਾਣੀ ਨੂੰ ਜੋਤੀ ਜੋਤਿ ਸਮਾਉਣ ਸਮੇਂ ਦਸਮ ਪਾਤਸ਼ਾਹ ਨੇ ਗੁਰਿਆਈ ਦੇ ਕੇ ਸ਼ਖ਼ਸੀ ਗੁਰਤਾ ਦੀ ਲੜੀ ਸਮਾਪਤ ਕਰ ਦਿੱਤੀ ਤੇ ਗੁਰੂ ਗ੍ਰੰਥ ਸਾਹਿਬ ਨੂੰ ਸਦੀਵ-ਕਾਲੀ ਸ਼ਬਦ-ਗੁਰੂ ਥਾਪ ਦਿੱਤਾ। ਦਸਾਂ ਗੁਰੂਆਂ ਤੋਂ ਬਾਦ, ਅਰਦਾਸ ਵਿਚ ਇਸੇ ਸ਼ਬਦ-ਗੁਰੂ ਦਾ ਅਭਿਨੰਦਨ ਹੁੰਦਾ ਹੈ। ["ਅਰਦਾਸ" ਪੁਸਤਕ ਵਿਚੋਂ

* ਕੁਝ ਲੇਖਕਾਂ ਨੇ (ਜਿਵੇਂ ਕਿ ਪ੍ਰੋ: ਜੋਗਿੰਦਰ ਸਿੰਘ : ਅਰਦਾਸ ਦਾ ਸੰਕਲਪ ਤੇ ਇਤਿਹਾਸਕ ਗੌਰਵ—ਨਾਨਕ ਪ੍ਰਕਾਸ਼ ਪਤ੍ਰਿਕਾ—ਅਰਦਾਸ ਵਿਸ਼ੇਸ਼ ਅੰਕ—ਜੂਨ ੧੯੮੭ ਪੰਨੇ ੩੨-੪੬) ਇਸ ਗੱਲ ਤੇ ਉਚੇਚਾ ਜ਼ੋਰ ਦਿੱਤਾ ਹੈ ਕਿ ਅਰਦਾਸ ਦੀ ਮੁਢਲੀ ਸ੍ਰੀ ਮੁਖਵਾਕ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਤੇ ਗੁਰੂ ਹਰਕ੍ਰਿਸ਼ਨ ਜੀ ਨੂੰ ਧਿਆਉਣ ਦਾ ਆਦੇਸ਼ ਹੈ, ਤੇ ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਜੀ, ਗੁਰੂ ਹਰਿ ਰਾਇ ਜੀ ਤੇ ਗੁਰੂ ਤੇਗ ਬਹਾਦੁਰ ਜੀ ਨੂੰ ਸਿਮਰਨ ਦਾ। ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਦੀ ਸਹਾਇਤਾ ਮੰਗੀ ਹੈ। ਉਹਨਾਂ ਦੇ ਮੱਤ ਅਨੁਸਾਰ ਇਨ੍ਹਾਂ ਸਭਨਾਂ ਦੀ ਵਖੋ ਵੱਖ ਮਹੱਤਾ ਹੈ। ਸਾਡੀ ਨਜ਼ਰ ਵਿਚ ਐਸਾ ਵਿਚਾਰ ਨ-ਕੇਵਲ 'ਜੋਤਿ-ਜੁਗਤਿ' ਦੀ ਏਕਤਾ ਦੇ ਪ੍ਰਤਿਕੂਲ ਹੈ, ਸਗੋਂ ਕਰਮ-ਕਾਂਡੀ ਭਾਵਨਾ ਦਾ ਧਾਰਨੀ ਵੀ ਹੈ, ਜੋ ਗੁਰਮਤਿ-ਵਿਰੋਧੀ ਭਾਵਨਾ ਹੈ।

## ਬਕਾਏ ਅਮਾਨਤੀ ਲਾਈਫ ਮੈਂਬਰ 'ਸੂਰਾ'

ਅਤਿ ਦੀ ਮਹਿੰਗਾਈ ਕਾਰਨ ਚੰਦਾ 'ਸੂਰਾ' 20/- ਕਰਨਾ ਪਿਆ। ਹਰੇਕ ਅਮਾਨਤੀ ਲਾਈਫ ਮੈਂਬਰ ਦੇ ਪਹਿਲਾਂ 150/- ਬੈਂਕ ਵਿਚ ਉਨ੍ਹਾਂ ਦੀ ਅਮਾਨਤ ਵਜੋਂ ਜਮ੍ਹਾਂ ਹਨ, ਜਿਸ ਦੇ ਸੂਦ ਤੋਂ 15/- ਸਾਲ ਦਾ ਚੰਦਾ ਸੂਰਾ ਨੂੰ ਮਿਲਦਾ ਹੈ। ਹੁਣ ਚੰਦਾ ਵਧਣ ਕਰਕੇ ਹਰੇਕ ਮੈਂਬਰ ਆਪਣੀ ਅਮਾਨਤ 50/- ਹੋਰ ਭੇਜੇ, ਤਾਕਿ ਚੰਦਾ 20/- ਸਾਲ ਦਾ ਸਾਨੂੰ ਮਿਲ ਸਕੇ। ਸਮੂਹ ਅਮਾਨਤੀ ਲਾਈਫ ਮੈਂਬਰਾਂ ਪਾਸ ਬੇਨਤੀ ਹੈ ਕਿ ਆਪੋ ਆਪਣੇ ਬਕਾਏ 50/- ਛੇਤੀ ਭੇਜ ਕੇ ਸਾਡਾ ਹੱਥ ਵਟਾਓ। ਇਹ ਸਾਰੀ ਰਕਮ ਤੁਹਾਡੀ ਅਮਾਨਤ ਹੈ, ਅਸਾਂ ਤਾਂ ਕੇਵਲ ਚੰਦਾ ਲੈਣਾ ਹੈ। ਸੋ ਖ਼ਰਚਾਂ ਨੂੰ ਪੂਰੇ ਕਰਨ ਲਈ ਆਪਣੀ ਰਕਮ ਛੇਤੀ ਜਮ੍ਹਾਂ ਕਰਾਓ ਜੀ।


www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੯)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਨ ਸਵਰਨ ਸਿੰਘ ਜੀ]

ਨੋਟ—ਮਈ ੯੦ ਦੇ 'ਸੂਰਾ' ਵਿਚ ਕੈਪਟਨ ਸਾਹਿਬ ਵਲੋਂ ਭੇਜੀ ਗਈ ਇਸ ਲੇਖ-ਲੜੀ ਦੀ ਅਠਵੀਂ ਕਿਸ਼ਤ ਛਪੀ ਸੀ। ਉਪਰੰਤ ਆਪ ਦੇ ਪੇਟ ਦਾ ਉਪਰੇਸ਼ਨ ਹੋਣ ਕਰਕੇ, 'ਜੂਨ ਸੂਰਾ' ਲਈ ਉਹ ਕਿਸ਼ਤ ਨਹੀਂ ਭੇਜ ਸਕੇ ਸਨ। ਜੂਨ ਦਾ 'ਸੂਰਾ' ਸ਼ਹੀਦੀ ਸਮਾਗਮ ਕਰਕੇ ਕਾਹਲੀ ਕਾਹਲੀ ਛਪਵਾਉਣ ਸਮੇਂ ਸੁਹਿਰਦ ਪਾਠਕਾਂ ਨੂੰ ਅਸੀਂ ਸੂਚਿਤ ਕਰਨਾ ਭੁਲ ਗਏ ਸਾਂ। ਕੈਪਟਨ ਸਾਹਿਬ ਅਜੇ ਦੋ ਕੁ ਮਹੀਨੇ ਡਾਕਟਰੀ ਹਦਾਇਤ ਅਨੁਸਾਰ ਰੈਸਟ ਤੇ ਹਨ, ਪਰ ਫਿਰ ਵੀ ਉਨ੍ਹਾਂ ਨੇ ਆਪਣੇ ਪਾਠਕਾਂ ਦੀ ਸਿਕ ਪੂਰੀ ਕਰਦਿਆਂ ਇਹ ਨਾਵੀਂ ਕਿਸ਼ਤ ਲਿਖ ਭੇਜੀ ਹੈ। ਸਤਿਗੁਰਾਂ ਅਗੇ ਅਰਦਾਸ ਹੈ ਕਿ ਉਨ੍ਹਾਂ ਨੂੰ ਛੇਤੀ ਛੇਤੀ ਅਰੋਗਤਾ ਬਖ਼ਸ਼ ਕੇ, ਉਨ੍ਹਾਂ ਪਾਸੋਂ ਸਿਖ ਇਤਿਹਾਸ ਦੀ ਸੱਚੀ ਸੁੱਚੀ ਸੇਵਾ ਲੈਣ। —ਸੰਪਾਦਕ

## ਸ਼ਾਹੀ ਫ਼ੌਜ ਨਾਲ ਖ਼ਾਲਸੇ ਦੀਆਂ ਝੜਪਾਂ—

ਬਹਾਦਰ ਸ਼ਾਹ ਬੜੇ ਤਕੜੇ ਲਾਮ-ਲਸ਼ਕਰ ਨਾਲ, ਸਢੌਰੇ ਕੰਪੂ ਵਿਚ ਬੈਠੇ ਬੰਦਾ ਸਿੰਘ ਉਤੇ ਤੁਰੰਤ ਹਮਲੇ ਲਈ ਤਿਆਰੀਆਂ ਤੇ ਵਿਉਂਤ-ਬੰਦੀ ਕਰ ਰਿਹਾ ਸੀ। ਹੋਰ ਸਮਾਂ ਗਵਾਏ ਤੋਂ ਬਿਨਾਂ ਉਹ ਬੰਦਾ ਸਿੰਘ ਦੇ ਸਿੰਘਾਂ ਤੇ ਟੁਟ ਪੈਣਾ ਚਾਹੁੰਦਾ ਸੀ ਤੇ ਸਭਸ ਨੂੰ ਫ਼ਨਾਅ ਦੇ ਘਾਟ ਉਤਾਰ ਦੇਣ ਲਈ ਉਤਾਵਲਾ ਸੀ। ਉਸਦੇ ਤੇ ਬੰਦਾ ਸਿੰਘ ਦੇ ਵਿਚਕਾਰ ੨੩,੨੪ ਕਿ: ਮੀ: ਦਾ ਫ਼ਾਸਲਾ ਸੀ। ਬੰਦਾ ਸਿੰਘ ਵੀ ਅਵੇਸਲਾ ਨਹੀਂ ਸੀ ਤੇ ਉਸਨੇ ਵੀ ਆਪਣੀ ਮੋਰਚਾ-ਬੰਦੀ ਕੀਤੀ ਹੋਈ ਸੀ। ਸ਼ਾਹੀ ਟਿਡੀ ਦਲ ਦਾ ਉਸ ਤੇ ਜਾਂ ਸਿੰਘਾਂ ਦੇ ਮਨਾਂ ਤੇ ਕੋਈ ਅਸਰ ਨਹੀਂ ਸੀ, ਸਿਰਫ਼ ਉਨ੍ਹਾਂ ਨੂੰ ਰਸਦ ਪਾਣੀ ਤੇ ਦਾਣੇ ਪਠੇ ਦੀ ਘਾਟ ਦੀ ਫ਼ਿਕਰ ਜ਼ਰੂਰ ਸੀ। ਜਿਸ ਦੀ ਅਗਵਾਈ ਹਿੰਦੁਸਤਾਨ ਦਾ ਬਾਦਸ਼ਾਹ ਆਪ ਕਰ ਰਿਹਾ ਹੈ, ਉਸ ਸ਼ਾਹੀ ਫ਼ੌਜ ਨਾਲ ਮੈਦਾਨ ਅੰਦਰ ਦੋ ਹੱਥ ਕਰਨ ਦੀ ਉਮੰਗ ਤੇ ਅਥਾਹ ਜੋਸ਼ ਖਾਲਸੇ ਦੇ ਸੀਨਿਆਂ ਅੰਦਰ ਸਮੁੰਦਰ ਵਾਂਗ ਉਬਲ ਉਛਲ ਰਿਹਾ ਸੀ।

ਦੂਜੇ ਪਾਸੇ ਸ਼ਾਹੀ ਸੈਨਾ ਦੀ ਮਾਨਸਿਕ ਸਥਿਤੀ ਬੜੀ ਮੰਦੀ ਸੀ। ਖ਼ਾਫ਼ੀ ਖਾਂ ਲਿਖਦਾ ਹੈ ਕਿ ਸੈਨਾ ਇਕ ਵਢੋਂ ਬੰਦਾ ਸਿੰਘ ਤੇ ਸਿਖਾਂ ਵਲੋਂ ਬੜੀ ਭੈ-ਭੀਤ ਸੀ ਤੇ ਸਾਰੇ ਲਸ਼ਕਰ ਵਿਚ ਖ਼ੌਫ਼-ਓ-ਹਰਾਸ ਛਾਇਆ ਹੋਇਆ ਸੀ, ਸਭ ਸਹਿਮੇ ਪਏ ਸਨ[1]। ਇਰਵਿਨ ਦਸਦੇ ਕਿ "ਸੈਨਾ ਵਿਚ ਹਰ ਛੋਟੇ ਵੱਡੇ ਦੀ ਜ਼ਬਾਨ ਤੇ ਸੀ ਕਿ ਬੰਦਾ ਸਿੰਘ ਬੜਾ ਵੱਡਾ ਜਾਦੂਗਰ ਹੈ, ਉਸ ਜਾਦੂਗਰ ਨਾਲੋਂ ਵੀ ਕਿਤੇ ਵੱਡਾ ਜਿਸ ਨੇ ਵਹਿੜਕੇ ਤੋਂ ਗੱਲਾਂ ਕਰਾ ਦਿਤੀਆਂ ਸਨ। ਉਹ ਆਪਣੇ ਵੱਲ ਆ ਰਹੀ ਗੋਲੀ ਨੂੰ ਪਿਛਾਂਹ ਚਲਾਉਣ ਵਾਲੇ ਵੱਲ ਹੀ ਮੋੜ ਸਕਦੇ। ਮੰਤਰ ਮਾਰ ਕੇ ਇਹੋ ਜਿਹੀ ਹਾਲਤ ਪੈਦਾ ਕਰ ਸਕਦੇ ਕਿ ਦੁਸ਼ਮਣ ਦੇ ਨੇਜ਼ਿਆਂ ਤਲਵਾਰਾਂ ਦਾ ਸਿਖਾਂ ਦੇ ਜਿਸਮਾਂ ਉਤੇ ਕੋਈ ਅਸਰ ਹੀ ਨਾ ਹੋ ਹੋਵੇ। ਇਹੋ ਜਿਹੀਆਂ ਬੇ-ਸਿਰ ਪੈਰ ਦੀਆਂ ਅਫਵਾਹਾਂ ਨੇ ਬਾਦਸ਼ਾਹ ਦੇ ਅਮੀਰਾਂ ਵਜ਼ੀਰਾਂ ਤੇ ਸੈਨਕਾਂ ਨੂੰ ਬੜਾ ਪ੍ਰੇਸ਼ਾਨ ਕੀਤਾ ਹੋਇਆ ਸੀ ਤੇ ਇੰਜ ਸਾਰੇ ਹੌਸਲਾ ਹਾਰੀ ਬੈਠੇ ਸਨ। ਦੂਜੇ ਪਾਸੇ ਸਿਖ ਬਹੁਤ ਹੀ ਚੜ੍ਹਦੀ ਕਲਾ ਵਿਚ ਸਨ। ਬੰਦਾ ਸਿੰਘ ਨੇ ਉਨ੍ਹਾਂ ਅੰਦਰ ਇਹ ਨਿਸਚਾ ਤੇ ਭਰੋਸਾ ਪੱਕਾ ਕੀਤਾ ਹੋਇਆ ਸੀ ਕਿ ਇਸ ਜੁਗ ਵਿਚ ਜੋ ਸ਼ਹੀਦੀਆਂ ਪ੍ਰਾਪਤ ਕਰਨਗੇ, ਵਾਹਿਗੁਰੂ ਉਨ੍ਹਾਂ ਦਾ ਹਲਤ ਪਲਤ ਸਵਾਰੇਗਾ, ਉਹ ਦਰਗਾਹੇ ਨਿਵਾਜੇ ਜਾਣਗੇ।"[2]

ਸ਼ੇਰ ਦੇ ਘੁਰੇ ਤਕ ਤਾਂ ਸਾਰੇ ਬੜੇ ਚਾਅ ਤੇ ਜੋਸ਼ ਨਾਲ ਦਮਗਜੇ ਮਾਰਦੇ ਜਾ ਅੱਪੜੇ ਸਨ, ਪਰ ਹੁਣ ਅੱਗੇ ਵਧ ਕੇ ਕੌਣ ਸ਼ੇਰ ਨੂੰ ਵੰਗਾਰੇ ਤੇ ਮੌਤ ਸਹੇੜੇ। ਪਰ ਏਥੋਂ ਪਰਤ ਕੇ ਦੁਨੀਆ ਨੂੰ ਕੀ ਮੂੰਹ ਵਿਖਾ ਸਕਦੇ ਸਨ। ਸਥਿਤੀ ਇਹ ਬਣੀ ਹੋਈ ਸੀ ਕਿ ਸਾਰੇ ਦਿਲਾਂ ਵਿਚ ਦੁਆਈਂ ਕਰ ਰਹੇ ਸਨ ਕਿ ਅੱਲਾ ਪਾਕ, ਜੋ ਰਹੀਮ ਤੇ ਕਰੀਮ ਵੀ ਹੈ, ਕੋਈ ਭਾਣਾ ਇਹੋ ਜਿਹਾ ਵਰਤਾ ਦੇਵੇ ਕਿ ਬਾਦਸ਼ਾਹ ਇਹ ਮੁਹਿੰਮ ਏਥੇ ਸਮਾਪਤ ਕਰਕੇ, ਹਿੰਦੁਸਤਾਨ



www.AKJ.Org

ਵਿਚ ਕਿਸੇ ਹੋਰ ਪਾਸੇ ਦੀ ਮੁਹਿੰਮ ਨੂੰ ਸਰ ਕਰਨ ਲਈ ਕੂਚ ਕਰ ਦੇਵੇ, ਬੰਦਾ ਸਿੰਘ ਤੇ ਉਸ ਦੇ ਸਿੱਖਾਂ ਦਾ ਸਾਮ੍ਹਣਾ ਨਾ ਹੀ ਕਰਨਾ ਪਵੇ। ਜੇ ਇਹ ਨਹੀਂ ਤਾਂ ਅੱਲਾ ਰਹਿਮ ਕਰੇ ਤੇ ਬੰਦਾ ਸਿੰਘ ਦੇ ਮਨ ਵਿਚ ਹੀ ਕੋਈ ਇਹੋ ਜਿਹਾ ਖਿਆਲ ਪਾ ਦੇਵੇ ਕਿ ਮੁਗਲਾਂ ਦੇ ਏਡੇ ਜੱਰਾਹ ਲਸ਼ਕਰ ਨੂੰ ਤੱਕ ਕੇ ਕਿਧਰੇ ਨਿਕਲ ਜਾਣ ਦਾ ਫ਼ੈਸਲਾ ਕਰ ਲਵੇ। ਉਸਦਾ ਕੀ ਮੁਕਾਬਲਾ ਹੈ ਏਡੇ ਵੱਡੇ ਦਲ ਨਾਲ। ਯਾ ਖ਼ੁਦਾ! ਪਾ ਦੇਹ ਇਹ ਨੇਕ ਸਲਾਹ ਕਾਫ਼ਰਾਂ ਦੇ ਦਿਲਾਂ ਵਿਚ। ਯਾ ਮੌਲਾ! ਕਰ ਰਹਿਮਤ ਆਪਣੇ ਮੋਮਨਾਂ ਤੇ। ਅਸੀਂ, ਤਾਂ ਤੇਰੀ ਰਹਿਮਤ ਦਾ ਹੀ ਦਾਮਨ ਫੜੀ ਬੈਠੇ ਹਾਂ। ਪਰ ਵਿਚੋਂ ਹੀ ਕਈ ਕਹਿਣ ਕਿ ਇਹ ਬੜੀ ਹੱਠੀ ਤੇ ਸਿਰੜੀ ਕੌਮ ਹੈ, ਲਸ਼ਕਰ ਭਾਵੇਂ ਇਸ ਤੋਂ ਦਸ ਗੁਣਾ ਹੋਰ ਵੀ ਆਣ ਰਲੇ, ਸਾਡੀ ਗਿਣਤੀ ਇਨ੍ਹਾਂ ਨੂੰ ਭੈ-ਭੀਤ ਨਹੀਂ ਕਰ ਸਕਦੀ। ਲੜੇ ਮਰੇ ਤੋਂ ਬਿਨਾਂ ਇਹ ਪਿੜ ਛੱਡ ਜਾਣ, ਇਹ ਤਾਂ ਇਨ੍ਹਾਂ ਦੇ ਖ਼ੂਨ ਚਿ ਹੀ ਨਹੀਂ। ਪੁਰਜ਼ਾ ਪੁਰਜ਼ਾ ਕਟ ਮਰਨਗੇ ਮੈਦਾਨ ਵਿਚ, ਰਣੋਂ ਹਿਲਣਗੇ ਨਹੀਂ। "ਅਤਾ ਮੁਹੰਮਦਾ!" ਬਾਦਸ਼ਾਹ ਦਾ ਕੁਝ ਨਹੀਂ ਵਿਗੜਨਾ, ਸ਼ਹਿਜ਼ਾਦਿਆਂ ਨੂੰ ਤੱਤੀ ਵਾ ਨਹੀਂ ਲਗਣੀ, ਅਮੀਰਾਂ ਵਜ਼ੀਰਾਂ ਵੀ ਲਗਪਗ ਬਚ ਹੀ ਨਿਕਲਣਾ ਹੈ; ਪਰ ਮੂੰਹ ਅੱਡੀ ਕਬਰਾਂ ਤਾਂ ਸਾਨੂੰ ਹੀ ਉਡੀਕਦੀਆਂ ਹਨ। ਸਾਡੇ ਭਾਅ ਦੀ ਕਿਆਮਤ ਤਾਂ ਸਿਰ ਤੇ ਆਈ ਖੜੀ ਹੈ।

ਕਮਾਂਡਰਾਂ ਨਾਲ ਸਲਾਹ ਕਰਕੇ ਬਾਦਸ਼ਾਹ ਨੇ ਫ਼ੌਜ ਦਾ ਬੜਾ ਤਕੜਾ ਹਿੱਸਾ ਰੁਸਤਮ ਦਿਲ ਖ਼ਾਂ ਦੀ ਕਮਾਨ ਵਿਚ ਸਢੌਰਿਓਂ ਅਗੇ ਲੋਹ ਗੜ੍ਹ (ਮੁਖ਼ਲਸਗੜ੍ਹ) ਨੂੰ ਰਵਾਨਾ ਕੀਤਾ, ਤਾਕਿ ਉਹ ਬੰਦਾ ਸਿੰਘ ਦੀ ਮੋਰਚਾ-ਬੰਦੀ ਦੀ ਸੂਹ ਕਢੇ ਤੇ ਡਿਠ-ਵੇਖੇ, ਜੋ ਹਮਲੇ ਤੋਂ ਪਹਿਲਾਂ ਬਹੁਤ ਜ਼ਰੂਰੀ ਹੁੰਦੀ ਹੈ। ਇਹ ਫ਼ੌਜ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਸਢੌਰਿਓਂ ਦੋ ਕੋਹ ਹੀ ਅੱਗੇ ਗਈ ਹੋਵੇਗੀ ਕਿ ਸਿਖ ਅਸਮਾਨੀ ਬਿਜਲੀ ਵਾਂਗ ਵਧੀ ਆ ਰਹੀ ਫ਼ੌਜ ਤੇ ਟੁਟ ਪਏ। ਇਹ ਹਮਲਾ ਏਨਾ ਅਚਨਚੇਤ ਤੇ ਤੇਜ਼ੀ ਨਾਲ ਹੋਇਆ ਸੀ ਕਿ ਮੂਹਰਖੋ ਦਸਤੇ ਤਾਂ ਪਲ ਭਰ ਵਿਚ ਹੀ ਗਾਜਰ ਮੂਲੀ ਵਾਂਗ ਕਟ ਕੇ ਸੁਟ ਦਿਤੇ ਗਏ। ਮਰਕਜ਼ੀ ਹਿਸੇ ਵਿਚ ਵੀ ਭਗਦੜ ਮੱਚ ਗਈ। ਤੀਰਾਂ ਦੀ ਸਰੜ ਸਰੜ ਤੇ ਰਾਮ-ਜੰਗਿਆਂ ਦੀ ਠਾਹ ਠਾਹ ਨੇ 'ਫੜ ਲੌ, ਮਾਰ ਲੌ, ਜਾਣ ਨ ਸੁੱਕੇ' ਦਿਆਂ ਲਲਕਾਰਿਆਂ ਨਾਲ ਰਲ ਕੇ ਗਾਜ਼ੀਆਂ ਦੇ ਸਹਿਮ ਤੇ ਖ਼ੌਫ਼ ਨੂੰ ਦੂਣਾ ਕਰ ਦਿਤਾ। ਜ਼ਖ਼ਮੀਆਂ ਦੀ ਹਾਲ-ਪਾਹਰਿਆ ਭਿਆਨਕ ਦ੍ਰਿਸ਼ ਨੂੰ ਹੋਰ ਵਧੇਰੇ ਭਿਆਨਕ ਬਣਾ ਰਹੀ ਸੀ। ਸਿੰਘਾਂ ਦੇ ਹਥੋਂ ਨੇਜ਼ੇ ਤਲਵਾਰਾਂ, ਤੀਰ, ਰਾਮ ਜੰਗੇ ਚਲਦੇ ਵੇਖ ਕੇ ਉਨ੍ਹਾਂ ਦਾ ਗਾਜ਼ੀਆਂ ਦੇ ਦਿਲਾਂ ਵਿਚ ਬੈਠਾ ਭੈਅ ਹੋਰ ਪੱਕਾ ਹੋ ਗਿਆ। ਕਈਆਂ ਭਜ ਕੇ ਜਾਨਾਂ ਬਚਾਈਆਂ। ਸਿੰਘ ਕਈ ਦਿਨਾਂ ਦੇ ਮੋਰਚਿਆਂ ਅੰਦਰ ਬੈਠੇ ਇਸੇ "ਸੁਲੱਖਣੀ ਘੜੀ" ਨੂੰ ਬੇਤਾਬੀ ਨਾਲ ਉਡੀਕ ਰਹੇ ਸਨ। ਹਰ ਕੋਈ ਦਿਲ ਦੀਆਂ ਸਧਰਾਂ ਪੂਰੀਆਂ ਕਰਨਾ ਚਾਹੁੰਦਾ ਸੀ। ਤਲਵਾਰਾਂ ਦੀ ਫ਼ਰਨ ਫ਼ਰਨ ਤੇ ਨੇਜ਼ਿਆਂ ਦੀਆਂ ਝੜਪਾਂ ਨੇ ਆਪਣਾ ਅਨੋਖਾ ਹੀ ਰੰਗ ਬਧਾ ਹੋਇਆ ਸੀ। ਸਿੰਘ ਤੇਗਾਂ ਤੇ ਨੇਜ਼ਿਆਂ ਦੀ ਲੜਾਈ ਨੂੰ ਅਸਲ ਲੜਾਈ ਸਮਝਦੇ ਸਨ। ਇਨ੍ਹਾਂ ਨਾਲ ਹੀ ਦੋ ਪਾਸੀਂ ਸੂਰਮੇ ਆਪਣੇ ਆਪਣੇ ਜੌਹਰ ਵਿਖਾ ਸਕਦੇ ਹਨ। ਬੰਦੂਕਾਂ ਤਾਂ ਦੂਰੋਂ ਸਾਰੇ ਹੀ ਚਲਾ ਲੈਂਦੇ ਹਨ, ਪਰ ਮਰਦਾਨਗੀ ਦਾ ਪਤਾ ਤਾਂ ਓਦੋਂ ਲਗਦੈ ਜਦ ਦੋਵੇਂ ਧਿਰਾਂ ਮੱਥੇ ਜੋੜ ਕੇ ਭਿੜਨ ਤੇ ਇਕ ਦੂਜੇ ਦੇ ਉਤੋਂ ਦੀ ਬਾਜ਼ੀ ਮਾਰਨ।

ਮੁਗ਼ਲ ਫ਼ੌਜ ਦਾ ਬਹੁਤ ਬੁਰਾ ਹਾਲ ਹੋ ਰਿਹਾ ਸੀ। ਉਸ ਦੇ ਸੁਪਨੇ ਵਿਚ ਵੀ ਨਹੀਂ ਸੀ ਕਿ ਸਢੌਰੇ ਦੇ ਏਨੇ ਲਾਗੇ ਸਿੰਘਾਂ ਹਥੋਂ ਉਨ੍ਹਾਂ ਦੀ ਇਹ ਦੁਰਦਸ਼ਾ ਹੋਵੇਗੀ। ਰੁਸਤਮ ਦਿਲ ਖਾਂ ਦੀ ਫ਼ੌਜ ਦੀ ਜੋ ਹਾਲਤ ਹੋ ਚੁਕੀ ਸੀ ਤੇ ਹੋ ਰਹੀ ਸੀ, ਉਸ ਬਾਰੇ ਖ਼ਾਫ਼ੀ ਖ਼ਾਂ ਜ਼ਿਕਰ ਕਰਦਾ ਹੈ: "ਇਹ ਮੇਰੇ ਲਈ ਬਿਲਕੁਲ ਅਸੰਭਵ ਹੈ ਕਿ ਇਸ ਲੜਾਈ ਵਿਚ ਜੋ ਵਾਪਰਿਆ, ਮੈਂ ਉਸ ਦਾ ਵਰਣਨ ਕਰ ਸਕਾਂ। ਫ਼ਕੀਰੀ ਭੇਸ ਵਾਲਿਆਂ ਸਿੱਖਾਂ ਨੇ ਸ਼ਾਹੀ ਫ਼ੌਜ ਦਾ ਤ੍ਰਾਹ ਕੱਢ ਸੁਟਿਆ ਸੀ। ਉਹ ਅਤਿਅੰਤ ਭੈ-ਭੀਤ ਹੋ ਚੁਕੀ ਸੀ। ਹੁਣ ਤਕ ਜਿੰਨੀ ਗਿਣਤੀ ਵਿਚ ਸ਼ਾਹੀ ਸੈਨਾ ਮਰ ਚੁਕੀ ਸੀ ਤੇ ਜਿਸ ਤੇਜ਼ੀ ਨਾਲ ਪਲੋ ਪਲੀ ਸਿੱਖਾਂ ਹਥੋਂ ਮਰਦੀ ਜਾ ਰਹੀ ਸੀ ਤੇ ਮੁਰਦੇ ਤੇ ਮੁਰਦਾ ਇੰਜ ਚੜ੍ਹ ਰਿਹਾ ਸੀ ਕਿ ਪਲ ਕੁ ਲਈ ਤਾਂ ਇਵੇਂ ਦਿਸਿਆ ਕਿ ਫ਼ੌਜ ਫ਼ਨਾਹ ਹੋਈ ਕਿ ਹੋਈ! ਚੁਫੇਰੇ ਮੌਤ ਨਚ ਰਹੀ ਸੀ ਤੇ ਲਾਸ਼ਾਂ ਦੇ ਢੇਰ ਲੱਗ ਚੁਕੇ ਸਨ। ਫ਼ਿਰੋਜ਼ਖ਼ਾਨ ਮੇਵਾਤੀ ਦਾ ਭਤੀਜਾ ਮਾਰਿਆ ਗਿਆ ਤੇ ਉਸ ਦਾ ਪੁਤ

ਘਾਇਲ ਹੋ ਚੁਕਾ ਸੀ।''[3]

ਸਿੱਖਾਂ ਦਾ ਨੁਕਸਾਨ ਵੀ ਲੜਾਈ ਵਿਚ ਹੋਇਆ। ੧੫੦੦ ਸਿੰਘ ਮੈਦਾਨ ਵਿਚ ਰਹੇ। ਦੋ ਵਡੇ ਸਰਦਾਰ ਮਾਰੇ ਗਏ। ਦੂਜੇ ਪਾਸੇ ਦੇ ਜਾਨੀ ਨੁਕਸਾਨ ਦੀ ਗਿਣਤੀ ਦੇਣੋਂ ਖ਼ਾਫ਼ੀ ਖਾਨ ਨੇ ਸੰਕੋਚ ਹੀ ਕੀਤਾ ਹੈ। ਪਰ ਫਿਰ ਵੀ ਉਸ ਦਿਆਂ ਸ਼ਬਦਾਂ ਤੋਂ ਬਹੁਤ ਕੁਝ ਮਾਲੂਮ ਹੁੰਦਾ ਹੈ। ਸਰਕਾਰਾਂ ਆਪਣਾ ਨੁਕਸਾਨ ਹੋਇਆ ਨਹੀਂ ਦਸਿਆ ਕਰਦੀਆਂ, ਹਮੇਸ਼ਾ ਦੁਸ਼ਮਣ ਦਾ ਨੁਕਸਾਨ ਬਹੁਤ ਵਧਾ ਚੜ੍ਹਾ ਕੇ ਦਸਿਆ ਜਾਂਦਾ ਹੈ। ਆਪਣੇ ਅਸਲ-ਅਸਲ ਨੁਕਸਾਨ ਦਾ ਵੇਰਵਾ ਦੇਂਦਿਆਂ ਹੀਣਤ ਆਉਂਦੀ ਹੈ ਰਿਆਇਆ ਦੀਆਂ ਅੱਖਾਂ ਵਿਚ ਜਾਹੋ-ਜਲਾਲ ਫਿੱਕਾ ਪੈਂਦਾ ਹੈ, ਰੁਅਬ ਤੇ ਦਬਾਅ ਘਟਦਾ ਹੈ। ਦੁਸ਼ਮਣ ਦੇ ਨੁਕਸਾਨ ਨੂੰ ਕਈ ਗੁਣਾ ਦਸਿਆਂ ਉਤਲੀਆਂ ਸਾਰੀਆਂ ਚੀਜ਼ਾਂ ਵਧਦੀਆਂ ਹਨ। ਲੋਕਾਂ ਕੋਲ ਏਨੇ ਵਸੀਲੇ ਕਿਥੋਂ ਕਿ ਹਕੀਕਤ ਨੂੰ ਜਾ ਕੇ ਵੇਖ ਸਕਣ ਜਾਂ ਪਿਛੋਂ ਉਸਦੀ ਘੋਖ-ਪੜਤਾਲ ਕਰ ਸਕਣ। ਪਰ ਫਿਰ ਵੀ ਸਮਾਂ ਪਾ ਕੇ ਸਚਾਈ ਲੇਪਾ-ਪੋਚੀ ਦੇ ਪਾਏ ਪੜਦੇ ਪਾੜ ਕੇ ਬਾਹਰ ਆ ਜਾਂਦੀ ਹੈ। ਜੋ ਕਸਰ ਰਹਿ ਜਾਵੇ, ਨਿਰਪਖ ਤੇ ਚਤੁਰ ਇਤਿਹਾਸਕਾਰ ਘੋਖ ਕੇ ਕਢ ਲੈਂਦੇ ਹਨ। ਅੰਤ ਅਗਲਿਆਂ ਪਤਾ ਲਾ ਹੀ ਲਿਆ ਕਿ ੫ ਫ਼ੌਜਦਾਰ ਵੀ ਮਾਰੇ ਗਏ ਸਨ।

ਦਸੰਬਰ ਦਾ ਮਹੀਨਾ ਸੀ। ਚਾਰ ਦਿਨ ਖੂਬ ਬਾਰਸ਼ ਹੋਈ। ਪਹਾੜ ਦਾ ਲਾਗਾ, ਠੰਡ ਬਹੁਤ ਵਧ ਗਈ। ਹਜ਼ਾਰਾਂ ਸੈਨਿਕ ਬੀਮਾਰ ਪੈ ਗਏ। ਬੇਸ਼ੁਮਾਰ ਘੋੜੇ ਖ਼ਚਰਾਂ ਤੇ ਊਠ ਮਰ ਗਏ। ਥਾਂ ਥਾਂ ਪਈਆਂ ਲਾਸ਼ਾਂ ਗਲ ਸੜ ਰਹੀਆਂ ਸਨ। ਏਨੀ ਬਦਬੂ ਫੈਲ ਗਈ ਕਿ ਨੱਕ ਨਾ ਦਿਤਾ ਜਾਵੇ। ਬੰਦਿਆਂ ਦਾ ਇਥੇ ਟਿਕੇ ਰਹਿਣਾ ਬਹੁਤ ਔਖਾ ਸੀ। ਇਸ ਮੁਸੀਬਤ ਦੇ ਮੂੰਹ ਆਈਆਂ ਸ਼ਾਹੀ ਫੌਜਾਂ ਬਿਲਬਲਾ ਉਠੀਆਂ। ਇਹ ਨਰਕ ਵਰਗੀ ਮੁਸੀਬਤ ਭੋਗਦੀ ਹੋਈ ਸੈਨਾ ਕਹਿੰਦੀ ਸੀ ਕਿ ਇਹ ਅਜ਼ਾਬ ਬੰਦਾ ਸਿੰਘ ਨੇ ਹੀ ਆਪਣੀ ਸ਼ਕਤੀ ਤੇ ਕਰਾਮਾਤ ਨਾਲ ਸਾਡੇ ਸਿਰ ਸੁਟਿਆ ਹੈ।

ਰੁਸਤਮਦਿਲ ਖ਼ਾਂ ਪਹਿਲੇ ਦਿਨ ਬੜੀ ਮੁਸ਼ਕਲ ਨਾਲ ਪਈ ਭਗਦੜ ਨੂੰ ਸੰਭਾਲ ਸਕਿਆ। ਇਹ ਰਾਤ ਮੁਗਲਾਂ ਨੇ ਅੱਗ ਬਾਲ ਕੇ ਕਟੀ ਤੇ ਉੱਚੀ ਉੱਚੀ ਇਕ ਦੂਜੇ ਨੂੰ ਕੂਕਾਂ ਮਾਰਦੇ ਰਹੇ, ਜਿਸ ਨਾਲ ਆਪਸੀ ਦਿਲਾਂ ਨੂੰ ਢਾਰਸ ਮਿਲਦੀ ਰਹੇ, ਤੇ ਜੇ ਸਿਖ ਰਾਤ ਨੂੰ ਸ਼ਬਖ਼ੂਨ ਮਾਰਨ ਤਾਂ ਭਗਦੜ ਨਾ ਮੱਚੇ। ਜੰਗ ਸਮੇਂ ਅੱਲਾ ਮੀਆਂ ਆਪਣੇ ਮੋਮਨਾਂ ਦੀ ਕਿਵੇਂ ਗੈਬੀ ਤੌਰ ਤੇ ਫ਼ਰਿਸ਼ਤਿਆਂ ਰਾਹੀਂ ਸਹਾਇਤਾ ਕਰਦਾ ਹੈ, ਦੇ ਲਾਰੇ ਲਾ ਲਾ ਗਾਜ਼ੀਆਂ ਦੇ ਦਿਲ ਵਧਾਉਣ ਲਈ ਮੌਲਾਣੇ ਵੀ ਅੰਨ੍ਹੇਰੇ ਵਿਚ ਅੱਗੇ ਨਾ ਆਏ। ਹਰ ਕੋਈ ਇਹੋ ਸਮਝਦਾ ਸੀ ਕਿ ਅਨ੍ਹੇਰੇ ਦਾ ਲਾਭ ਲੈ ਕੇ ਨਜ਼ਦੀਕ ਢੁਕੇ ਸਿਖ ਦੀ ਗੋਲੀ ਜਾਂ ਨੇਜ਼ਾ ਮੇਰੀ ਹਿਕ ਵਲ ਆਇਆ ਕਿ ਆਇਆ। ਮਾੜੀ ਜਿਹੀ ਸਰਸਰਾਹਟ ਨੇ ਕਈਆਂ ਦੇ ਬੋਲ ਕਢ ਛੱਡੇ। ਰਾਤ ਭਰ ਕਿਸੇ ਨੇ ਅੱਖਾਂ ਨਾ ਝਮਕੀਆਂ।

ਰੁਸਤਮਦਿਲ ਦੀ ਸਹਾਇਤਾ ਲਈ ਬਾਦਸ਼ਾਹ ਨੇ ਇਕ ਹੋਰ ਤਕੜੀ ਫ਼ੌਜ ਆਪਣੇ ਪੁਤ ਸ਼ਹਿਜ਼ਾਦਾ ਰਫ਼ੀਅ-ਉੱਸ਼ਾਨ ਦੀ ਸਰਦਾਰੀ ਵਿਚ ਰਵਾਨਾ ਕੀਤੀ। ਤਜ਼ਕ੍ਰਾਤੁ-ਸੱਲਾਤੀਨ ਦਾ ਕਰਤਾ ਕਾਮਵਰ, ਜੋ ਇਸ ਫ਼ੌਜੀ ਟੁਕੜੀ ਵਿਚ ਸ਼ਾਮਲ ਸੀ, ਅੱਖੀਂ ਡਿਠਾ ਹਾਲ ਇਸ ਪ੍ਰਕਾਰ ਲਿਖਦਾ ਹੈ: ''ਇਹ ਨਾਚੀਜ਼ ਬੰਦਾ ਉਸ ਸਮੇਂ ਸ਼ਹਿਜ਼ਾਦਾ ਰਫ਼ੀਅ-ਉੱਸ਼ਾਨ ਦੀ ਫ਼ੌਜ ਵਿਚ ਸ਼ਾਮਲ ਸੀ, ਤੇ ਮੈਂ ਆਪਣੀ ਅਖੀਂ ਤੱਕਿਆ ਸੀ ਕਿ ਕਿਵੇਂ ਹਰ ਇਕ ਲਈਨ ਮਰਦੂਦ ਸਿਖ ਆਪਣੇ ਆਪਣੇ ਮੋਰਚੇ ਚੋਂ ਬਾਹਰ ਨਿਕਲ ਆਇਆ ਤੇ ਸ਼ਾਹੀ ਫੌਜ ਨੂੰ ਵੰਗਾਰਨ ਲੱਗ ਪਿਆ। ਬੜੀ ਸਖ਼ਤ ਦੁਵੱਲੀ ਤਲਵਾਰ ਚੱਲੀ। ਬੜਾ ਵਡਾ ਮਾਅਰਕਾ ਪੇਸ਼ ਆਇਆ। ਸਿਖ ਜੀਅ ਤੋੜ ਕੇ ਲੜੇ ਤੇ ਗਾਜ਼ੀਆਂ ਦੀਆਂ ਤਲਵਾਰਾਂ ਕਟ ਕੇ ਧਰ ਦਿਤੀਆਂ।[8]

ਬਾਦਸ਼ਾਹ ਆਪਣੀ ਫ਼ੌਜ ਦੀ ਨਿੱਕੀ ਜਿਹੀ ਜਿਤ ਸੁਣ ਕੇ (ਖ਼ੁਸ਼ੀ ਤਾਂ ਇਹ ਸੀ ਕਿ ਬੰਦਾ ਸਿੰਘ ਬਹਾਦਰ ਦੇ ਵਿਰੁਧ ਉਸ ਦੀ ਫ਼ੌਜ ਸਾਹਸ ਵਿਖਾ ਸਕਦੀ ਤੇ ਕਾਮਯਾਬੀ ਵੀ ਹਾਸਿਲ ਕਰ ਸਕਦੀ) ਬੜਾ ਹੀ ਪ੍ਰਸੰਨ ਹੋਇਆ। ਰੁਸਤਮ ਦਿਲ ਖਾਂ ਨੂੰ ਚਾਰ ਹਜ਼ਾਰੀ ਦਾ ਮਨਸਬ ਬਖਸ਼ਿਆ ਤੇ ਤਿੰਨ ਹਜ਼ਾਰ ਸਵਾਰ ਉਸ ਦੇ ਅਧੀਨ ਕੀਤੇ ਗਏ। ਇਸਦੇ ਨਾਲ ਹੀ ਉਸ ਨੂੰ ਗਾਜ਼ੀ ਖ਼ਾਨ ਰੁਸਤਮ-ਏ-ਜੰਗ ਦਾ ਖ਼ਿਤਾਬ ਬਖਸ਼ਿਆ ਗਿਆ।



www.AKJ.Org

ਰੁਸਤਮ ਦਿਲ ਦਾ ਕੁਝ ਹੌਸਲਾ ਵਧਿਆ। ਨਾਲ ਸੱਜਰ-ਸ਼ਾਹ ਫ਼ੌਜ ਦਾ ਤਕੜਾ ਹਿੱਸਾ ਸੀ। ਹੋਰ ਅੱਗੇ ਵਧਣ ਦਾ ਹੁਕਮ ਹੋਇਆ। ਰੁਸਤਮ ਦਿਲ ਹੁਣ ਬੜੀ ਇਹਤਿਆਤ ਨਾਲ ਦੋ ਕੁ ਕੋਹ ਹੋਰ ਅਗੇ ਵਧਿਆ ਤੇ ਫਿਰ ਸੋਮ ਨਦੀ ਦੇ ਕੰਢੇ ਤਕ ਜਾ ਅਪੜਿਆ। ਇਸ ਕੰਢੇ ਤੋਂ ਲੋਹਗੜ੍ਹ ਦਾ ਕਿਲ੍ਹਾ ਸਾਫ਼ ਦਿਖਾਈ ਦੇਂਦਾ ਸੀ। ਇਹ ਕਿਲ੍ਹਾ ਕੋਈ ਬਹੁਤੀ ਵੱਡੀ ਇਮਾਰਤ ਨਹੀਂ ਸੀ। ਪਹਾੜ ਦੀ ਇਕ ਚੋਟੀ ਤੇ ਬਣਿਆ ਹੋਇਆ ਸੀ। ਸੋਮ-ਨਦੀ ਇਕ ਬਹੁਤ ਹੀ ਚੌੜਾ ਬਰਸਾਤੀ ਨਾਲਾ ਹੈ, ਜੋ ਸਾਲ ਦਾ ਬਹੁਤਾ ਹਿੱਸਾ ਸੁਕਾ ਰਹਿੰਦਾ ਹੈ ਤੇ ਬਰਸਾਤ ਵਿਚ ਜਾਂ ਦੂਜੇ ਮੌਸਮ ਵਿਚ ਜਦੋਂ ਵਰਖਾ ਹੋ ਜਾਵੇ ਤਦ ਬੜੇ ਜ਼ੋਰ ਨਾਲ ਚਲਦਾ ਹੈ। ਇਹ ਨਦੀ ਸ਼ਾਹੀ ਲਸ਼ਕਰ ਵਾਸਤੇ ਕੋਈ ਰੋਕ ਨਹੀਂ ਸੀ। ਰੋਕ ਸਿਰਫ਼ ਬੰਦਾ ਸਿੰਘ ਬਹਾਦਰ ਦਾ ਖ਼ੌਫ਼ ਸੀ।

ਸੋਮ ਨਦੀ ਤੇ ਲੋਹਗੜ੍ਹ ਕਿਲ੍ਹੇ ਦੇ ਵਿਚਕਾਰ ਬੜਾ ਸੰਘਣਾ ਜੰਗਲ ਸੀ। ਰਾਤ ਦੇ ਸਮੇਂ ਇਸ ਜੰਗਲ 'ਚੋਂ ਬੜੀਆਂ ਭੈ-ਭੀਤ ਕਰਨ ਵਾਲੀਆਂ ਆਵਾਜ਼ਾਂ ਸੁਣਾਈ ਦੇਂਦੀਆਂ ਸਨ। ਕਿਸੇ ਦਾ ਹੌਸਲਾ ਨਹੀਂ ਸੀ ਪੈਂਦਾ ਕਿ ਦਿਨੇ ਵੀ ਇਕੱਲਾ-ਦੁਕੱਲਾ ਦੂਜੇ ਕੰਢੇ ਵੱਲ ਜਾਣ ਦੀ ਸੋਚ ਸਕੇ। ਬਾਦਸ਼ਾਹ ਦਾ ਕੰਪੂ (ਪਾਤਸ਼ਾਹ ਦਾ ਡੇਰਾ) ਸਢੋਰਿਓਂ ਚਲ ਕੇ ੯ ਦਸੰਬਰ ੧੭੧੦ ਨੂੰ ਸੋਮ ਨਦੀ ਦੇ ਸੱਜੇ ਕੰਢੇ, ਭਾਵ, ਦਖਣੀ ਕੰਢੇ ਲਾਗੇ ਪੁਜਾ। ਸ਼ਾਹੀ ਕੰਪੂ ਦੀ ਹਿਫ਼ਾਜ਼ਤ ਦੀ ਜ਼ਿਮੇਵਾਰੀ ਮੁਨਿਅਮ ਖ਼ਾਂ ਤੇ ਉਸਦੇ ਪੁਤਰ ਮਹਾਬਤ ਖ਼ਾਂ ਨੂੰ ਸੌਂਪੀ ਗਈ। ਬੁੱਢਾ ਬਾਦਸ਼ਾਹ ਸਾਮ੍ਹਣੇ ਕਿਲ੍ਹੇ ਵਿਚ ਬੈਠੇ ਬੰਦਾ ਸਿੰਘ ਤੇ ਉਸ ਦੀ ਮੋਰਚਾ-ਬੰਦੀ ਨੂੰ ਤਕ ਕੇ ਝੁੰਜਲਾ ਰਿਹਾ ਸੀ, ਪਰ ਅਜੇ ਪੇਸ਼ ਕੋਈ ਨਹੀਂ ਸੀ ਜਾ ਰਹੀ।

ਅਗਲੇ ਦਿਨ ੧੦ ਦਸੰਬਰ ਨੂੰ ਬਾਦਸ਼ਾਹ ਦੇ ਹੁਕਮ ਨਾਲ ੬੦,੦੦੦ ਚੋਣਵੀਂ ਜੱਰਾਰ ਫ਼ੌਜ ਸਫ਼-ਬੰਦੀ ਦੀ ਤਰਤੀਬ ਵਿਚ ਮੁਖ਼ਲਸ ਗੜ੍ਹ ਨੂੰ ਚੁਫੇਰਿਓਂ ਘੇਰਨ ਲਈ ਅੱਗੇ ਵਧੀ। ਵਜ਼ੀਰ ਮੁਨਿਅਮ ਖ਼ਾਂ, ਉਸ ਦਾ ਪੁਤਰ ਮਹਾਬਤ ਖ਼ਾਂ, ਚਤਰ ਸਾਲ ਬੰਦੇਲਾ ਦੇ ਮਾਤਹਿਤ ਸੱਜੇ ਹੱਥ ਵਾਲੀ ਫ਼ੌਜ ਸੀ। ਉੱਦੇਤ ਸਿੰਘ ਬੰਦੇਲਾ ਤੇ ਚੂੜਾ-ਮਣ ਜਾਟ ਦੀ ਕਮਾਨ ਥਲੇ ਖੱਬੇ ਬਾਜ਼ੂ ਦੀ ਸੈਨਾ ਸੀ। ਐਨ ਕਿਲ੍ਹੇ ਨੂੰ ਸਾਮ੍ਹਣੀ ਤੇ ਮਰਕਜ਼ ਵਾਲੀ ਫ਼ੌਜ ਦਾ ਮੁਖੀ ਰੁਸਤਮ ਦਿਲ ਆਪ ਸੀ। ਸਿੱਖਾਂ ਨੇ ਆਪਣੇ ਵਲ ਆਉਂਦੀ ਹੋਈ ਫ਼ੌਜ ਨੂੰ ਬੜੇ ਠਰ੍ਹੰਮੇ ਨਾਲ ਵੇਖਿਆ ਤੇ ਕੋਈ ਐਸੀ ਹਰਕਤ ਨਹੀਂ ਕੀਤੀ ਜਿਸ ਨਾਲ ਦੁਸ਼ਮਣ ਨੂੰ ਉਨ੍ਹਾਂ ਦੀਆਂ ਪੋਜ਼ੀਸ਼ਨਾਂ ਦਾ ਪਤਾ ਲਗ ਸਕੇ। ਜਦ ਫ਼ੌਜ ਸਿੱਖਾਂ ਦੀਆਂ ਤੋਪਾਂ ਦੀ ਮਾਰ ਥਲੇ ਆ ਗਈ ਤਾਂ ਉਨ੍ਹਾਂ ਤੋਪਾਂ ਦਾਗੀਆਂ ਤੇ ਵਧ ਰਹੀ ਫ਼ੌਜ ਉਤੇ ਅੱਗ ਵਰ੍ਹਨੀ ਸ਼ੁਰੂ ਹੋ ਗਈ। ਸ਼ਾਹੀ ਫ਼ੌਜ ਆਪਣਾ ਕਾਫ਼ੀ ਨੁਕਸਾਨ ਕਰਵਾ ਕੇ ਅਗੇ ਵਧਦੀ ਗਈ ਤੇ ਪਹਾੜਾਂ ਦੇ ਪੈਰਾਂ ਵਿਚ ਬਣੇ ਮੋਰਚਿਆਂ ਵਿਚ ਦਾਖ਼ਲ ਹੋ ਗਈ। ਮੋਰਚਿਆਂ 'ਚੋਂ ਵੈਰੀ ਨੂੰ ਪਿਛਾਂਹ ਧਕਣ ਲਈ ਸਿੰਘ,ਜੀ ਤੋੜ ਕੇ ਲੜੇ। ਮੋਰਚੇ ਲਾਸ਼ਾਂ ਨਾਲ ਅਟ ਗਏ। ਪਰ ਬੇ-ਥਹਾ ਗਿਣਤੀ ਦੇ ਸਾਹਮਣੇ ਸਿੱਖਾਂ ਦੀ ਕੋਈ ਪੇਸ਼ ਨਾ ਗਈ। ਉਨ੍ਹਾਂ ਦੇ ਪੈਰ ਉਖੜ ਗਏ, ਹੇਠਲੇ ਮੋਰਚੇ ਛਡ ਕੇ ਉਤਲੇ ਮੋਰਚਿਆਂ ਵਿਚ ਹੋ ਬੈਠੇ ਤੇ ਕਾਫ਼ੀ ਦੇਰ ਤਕ ਫ਼ੌਜ ਨੂੰ ਰੋਕੀ ਰਖਿਆ। ਜੋ ਅੱਗੇ ਵਧਦਾ, ਜਾਨ ਤੋਂ ਹਥ ਧੋ ਲੈਂਦਾ। ਪਰ ਗੱਲ ਫਿਰ ਉਹੋ ਲਾ-ਤਾਦਾਦ ਗਿਣਤੀ ਵਾਲੀ। ਸ਼ਾਹੀ ਸੈਨਾ ਦਾ ਕੱਸ ਪੈ ਗਿਆ ਤੇ ਜੋ ਸਿੰਘ ਬਚੇ, ਉਤਾਂਹ ਪਹਾੜੀ ਤੇ ਜਾ ਚੜ੍ਹੇ। ਖ਼ਾਫ਼ੀ ਖ਼ਾਂ ਦਸਦੇ ਕਿ ਮੁਸਲਮਾਨ ਵੀ ਬੜੀ ਵੱਡੀ ਗਿਣਤੀ ਵਿਚ ਮਾਰੇ ਗਏ।[5] ਬਾਦਸ਼ਾਹ ਨੇ ਜਦ ਸੁਣਿਆ ਕਿ ਕਿਸੇ ਹਦ ਤੱਕ ਕਾਮਯਾਬੀ ਤਾਂ ਹੋਈ ਹੈ, ਪਰ ਹੈਦਰੀ ਝੰਡਾ ਅਜੇ ਕਿਲ੍ਹੇ ਤੇ ਨਹੀਂ ਝੂਲ ਸਕਿਆ। ਬੰਦਾ ਸਿੰਘ ਅਜੇ ਵੀ ਕਿਲ੍ਹੇ ਵਿਚ ਬੈਠਾ ਸਾਰੇ ਹਿੰਦੁਸਤਾਨ ਦੇ ਬਾਦਸ਼ਾਹ ਨੂੰ ਵੰਗਾਰ ਰਿਹਾ ਹੈ। ਸਾਰੇ ਕੈਂਪ ਵਿਚ ਇਹ ਬੜੇ ਵੱਡੇ ਮਾਤਮ ਦੀ ਰਾਤ ਸੀ।

ਜਿਵੇਂ ਪਹਿਲਾਂ ਵੀ ਦਸਿਆ ਹੈ, ਲੋਹਗੜ੍ਹ ਦਾ ਕਿਲ੍ਹਾ ਤਾਂ ਇਕ ਨਾਮ-ਧ੍ਰੀਕ ਹੀ ਛੋਟੀ ਜਿਹੀ ਗੜ੍ਹੀ ਵਰਗੀ ਇਮਾਰਤ ਸੀ। ਸ਼ਾਹ ਜਹਾਨ ਦੇ ਇਕ ਅਫ਼ਸਰ ਮੁਖ਼ਲਸ ਖ਼ਾਂ ਨੇ ਪਾਤਸ਼ਾਹ ਦੀ ਤਫ਼ਰੀਹ ਤੇ ਸੈਰੋ-ਸ਼ਿਕਾਰ ਲਈ ਇਸ ਨਵੇਕਲੀ ਥਾਂ ਤੇ, ਜੋ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਸੀ, ਇਹ ਇਮਾਰਤ ਬਣਾਈ ਸੀ। ਸ਼ਾਹ ਜਹਾਨ ਸਾਲ ਵਿਚ ਇਕ ਅੱਧੀ ਵਾਰ ਆ ਕੇ ਠਹਿਰਦਾ ਤੇ ਫਿਰ ਵਾਪਸ ਦਿਲੀ ਚਲਿਆ ਜਾਂਦਾ। ਮੁਖ਼ਲਸ ਖ਼ਾਂ ਦੀ ਸੇਵਾ ਦੀ ਯਾਦ ਵਿਚ ਇਸ ਥਾਂ ਦਾ ਨਾਮ 'ਮੁਖ਼ਲਸ ਗੜ੍ਹ' ਰਖ ਦਿਤਾ ਗਿਆ ਸੀ। ਬੰਦਾ ਸਿੰਘ ਨੇ ਜਦ ਇਸ ਥਾਂ ਨੂੰ ਆਪਣੀ ਰਾਜਧਾਨੀ ਲਈ ਚੁਣਿਆ ਤਾਂ ਪਹਿਲਾ ਨਾਉਂ ਬਦਲ ਕੇ ਇਸ ਦਾ ਨਾਮ 'ਲੋਹਗੜ੍ਹ' ਰਖ ਦਿਤਾ।

www.AKJ.Org

ਐਸ ਵੇਲੇ ਉਥੇ ਕਿਲ੍ਹੇ ਨਾਮ ਦੀ ਕੋਈ ਸ਼ੈਅ ਮੌਜੂਦ ਨਹੀਂ, ਸਭ ਕੁਝ ਸਫ਼ਨ ਸਫ਼ਾ ਹੋ ਚੁਕਿਆ ਹੈ।

ਇਸ ਨਿੱਕੀ ਜਿਹੀ ਗੜ੍ਹੀ ਵਿਚ ਬੰਦਾ ਸਿੰਘ ਬਹੁਤਾ ਰਸਦ ਪਠਾ ਤੇ ਹੋਰ ਜੰਗੀ ਸਾਮਾਨ ਨਹੀਂ ਸੀ ਜਮ੍ਹਾ ਕਰ ਸਕਦਾ। ਜਮ੍ਹਾ ਕਰਨ ਲਈ ਏਨੀ ਏਥੇ ਥਾਂ ਹੀ ਨਹੀਂ ਸੀ। ਖ਼ਾਫ਼ੀ ਖ਼ਾਂ ਲਿਖਦਾ ਹੈ–''ਸ਼ਾਹੀ ਫ਼ੌਜ ਨੂੰ ਰਸਦ ਪੱਠਾ ਲਿਆ ਕੇ ਦੇਣ ਵਾਲੇ ਠੇਕੇਦਾਰਾਂ ਪਾਸੋਂ ਜਿੰਨਾ ਹੋ ਸਕਿਆ, ਸਿੱਖਾਂ ਨੇ ਚੋਰੀ ਛਪੀ ਖ਼ਰੀਦ ਲਿਆ ਤੇ ਰੱਸਿਆਂ ਨਾਲ ਖਿਚ ਕੇ ਕਿਲ੍ਹੇ ਅੰਦਰ ਲੈ ਗਏ।[੬]

ਭੁਖ ਇਨਸਾਨ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਵਡੇ ਭਗਤ ਵੀ ਭੁਖੋਂ ਆਤਰ ਹੋ ਕੇ ਮਾਲਾ ਪਰ੍ਹਾ ਭੁਆ ਮਾਰਦੇ ਅਤੇ ਰੱਬ ਨੂੰ ਨਿਹੋਰੇ ਤਾਅਨੇ ਦੇਣ ਲੱਗ ਪੈਂਦੇ ਹਨ। ਇਸ ਮੁਸੀਬਤ ਦਾ ਬੰਦਾ ਸਿੰਘ ਪਾਸ ਵੀ ਕੋਈ ਤੋੜ ਨਹੀਂ ਸੀ। ਫ਼ੈਸਲਾ ਹੋਇਆ ਕਿ ਬੰਦਾ ਸਿੰਘ ੧੦, ੧੧ ਦਸੰਬਰ ਦੀ ਦਰਮਿਆਨੀ ਰਾਤ ਬਚ ਕੇ ਨਿਕਲ ਜਾਵੇ ਤੇ ਫਿਰ ਨਵੇਂ ਸਿਰਿਓਂ ਸਿੰਘਾਂ ਨੂੰ ਇਕੱਠਾ ਕਰਕੇ ਸਰਕਾਰ ਨੂੰ ਅਗਲੀ ਕਰਾਰੀ ਸੱਟ ਮਾਰੇ। ਇਸ ਵੇਲੇ ਬੰਦਾ ਸਿੰਘ ਦਿਆਂ ਸਿੰਘਾਂ ਵਿਚ ਇਕ ਗੁਲਾਬ ਸਿੰਘ ਨਾਮੇ ਸਿਖ ਸੀ, ਜੋ ਸਿੰਘ ਸਜਣ ਤੋਂ ਪਹਿਲਾਂ ਬੱਕਾਲ ਦਾ ਕੰਮ ਕਰਦਾ ਸੀ, ਇਸ ਦੀ ਸ਼ਕਲ ਸੂਰਤ ਬੰਦਾ ਸਿੰਘ ਨਾਲ ਬਹੁਤ ਜ਼ਿਆਦਾ ਮਿਲਦੀ ਸੀ। ਉਸ ਨੇ ਆਪਣੇ ਆਪ ਨੂੰ ਕੁਰਬਾਨੀ ਲਈ ਪੇਸ਼ ਕੀਤਾ। ਬੰਦਾ ਸਿੰਘ ਵਾਲੇ ਕਪੜੇ ਪਾ ਕੇ ਉਹ ਉਸਦੇ ਆਸਣ ਤੇ ਬੈਠ ਗਿਆ। ੧੦ ਦਸੰਬਰ ੧੭੧੦ ਈ: ਦੀ ਰਾਤ ਨੂੰ ਸਿੰਘਾਂ ਨੇ ਇਕ ਹਲਦੀ ਦੇ ਸੁੱਕੇ ਹੋਏ ਰੁਖ ਦੇ ਵਡੇ ਸਾਰੇ ਤਣੇ ਵਿਚ ਬਹੁਤ ਸਾਰਾ ਬਰੂਦ ਭਰ ਦਿਤਾ। ਇਹ ਖ਼ਾਲੀ ਤਣਾ ਕਿਲ੍ਹੇ ਤੋਂ ਬਾਹਰ ਵਾਹਵਾ ਥਲੇ ਪਹਾੜੀ ਦੀ ਵਖੀ ਦੇ ਨਾਲ ਪਿਆ ਹੋਇਆ ਸੀ। ਕਿਲ੍ਹੇ ਅੰਦਰਲੀਆਂ ਤੋਪਾਂ ਨੂੰ ਵੀ ਭਰ ਕੇ ਤਿਆਰ ਕਰ ਲਿਆ ਗਿਆ, ਤਾਕਿ ਇਕੋ ਵਾਰ ਹੀ ਦਾਗੀਆਂ ਜਾਣ। ਜਦ ੧੧ ਦਸੰਬਰ ਤਿੰਨ ਵਜੇ ਸਵੇਰੇ ਬਰੂਦ ਨੂੰ ਪਲੀਤਾ ਦਿਤਾ ਤਾਂ ਉਸ ਦਰੱਖ਼ਤ ਦੇ ਪਰਖਚੇ ਉਡ ਗਏ। ਪਹਾੜਾਂ ਨੂੰ ਕੰਬਾ ਦੇਣ ਵਾਲਾ ਖੜਾਕ ਹੋਇਆ। ਫਿਰ ਨਾਲ ਹੀ ਕਿਲ੍ਹੇ ਵਾਲੀਆਂ ਤੋਪਾਂ ਦਾਗੀਆਂ ਤੇ ਧੜ ਧੜ ਦੀ ਆਵਾਜ਼ ਨੇ ਪਹਾੜ ਹਿਲਾ ਦਿਤੇ ਅਤੇ ਆਕਾਸ਼ ਗੂੰਜ ਉਠਿਆ। ਹੇਠਾਂ ਸ਼ਾਹੀ ਸੈਨਾ ਨੇ ਸਮਝਿਆ ਕਿ ਸ਼ਾਇਦ ਬੰਦਾ ਸਿੰਘ ਨੇ ਆਪਣੀ ਕਰਾਮਾਤ ਨਾਲ ਪਹਾੜ ਹੀ ਉਨ੍ਹਾਂ ਦੇ ਸਿਰ ਉਤੇ ਉਖੇੜ ਕੇ ਸੁਟ ਦਿਤਾ ਹੈ। ਮੁਗ਼ਲ ਕੈਂਪ ਵਿਚ ਅਫਰਾ-ਤਫਰੀ ਮੱਚ ਗਈ। ਸਾਰੇ ਪੈਰਾਂ ਤੋਂ ਹਿਲ ਗਏ, ਕੋਈ ਕਿਸੇ ਕੋਈ ਕਿਸੇ ਪਾਸੇ ਨਠ ਤੁਰਿਆ। ਹਰ ਕੋਈ ਸਮਝੇ ਕਿ ਮੈਨੂੰ ਅੱਲਾ ਨੇ ਬਚਾ ਲਿਆ ਹੈ। ਦੂਸਰਾ, ਪਹਾੜ ਡਿਗਣ ਤੋਂ ਪਹਿਲਾਂ ਹਰ ਕੋਈ ਦੂਰ ਹਟ ਜਾਣਾ ਚਾਹੁੰਦਾ ਸੀ। ਬੜੇ ਵੱਡੇ ਧਮਾਕੇ ਸਨ। ਥਲੇ ਲੋਕਾਂ ਦੇ ਦਿਲ ਵੱਸ ਚਿ ਨਹੀਂ ਸਨ ਆ ਰਹੇ। ਇਸ ਭਗਦੜ ਤੇ ਪਰੇਸ਼ਾਨੀ ਦਾ ਫ਼ਾਇਦਾ ਉਠਾ ਕੇ ਬੰਦਾ ਸਿੰਘ ਆਪਣੇ ਕੁਝ ਸਾਥੀਆਂ ਨਾਲ ਨਾਹਨ ਦੀਆਂ ਪਹਾੜੀਆਂ ਵਿਚ ਗ਼ਾਇਬ ਹੋ ਗਿਆ।

ਬੰਦਾ ਸਿੰਘ ਸਰਮੌਰ ਆ ਗਿਆ। ਇਥੇ ਰੁਕਿਆ ਨਹੀਂ, ਸਰਮੌਰੋਂ ਸਿਧਾ ਤੁਰਿਆ ਤੇ ਸ਼ਿਵਾਲਕ ਦੀਆਂ ਪਹਾੜੀਆਂ ਦੀ ਵਖੀਓਂ ਵਖੀ ਚਲਦਾ ਹੋਇਆ ਹਿੰਡੂਰੋਂ ਲੰਘਦਾ (ਨਾਲਾਗੜ੍ਹ) ਕਹਿਲੂਰ,(ਬਿਲਾਸਪੁਰ) ਕੁਟਲਹਿਰ, ਜਸਵਾਨ, ਸਿਬਾ ਹੁੰਦਾ ਹੋਇਆ ਚੰਬੇ ਆਣ ਪੜਾਅ ਕੀਤਾ। ਸ਼ਾਹੀ ਫੌਜ ਨੂੰ ਬੜੀ ਦੇਰ ਬਾਅਦ ਸੋਝੀ ਆਈ ਕਿ ਬੰਦਾ ਸਿੰਘ ਉਨ੍ਹਾਂ ਉਤੇ ਕਿਸ ਕਿਸਮ ਦਾ ਪਹਾੜ ਸੁਟ ਗਿਆ ਸੀ। ਏਡੇ ਵੱਡੇ ਪੱਕੇ ਪੀਢੇ ਘੇਰੇ 'ਚੋਂ ਨਿਕਲ ਜਾਣਾ ਬੰਦਾ ਸਿੰਘ ਬਹਾਦਰ ਦੀ ਬੜੀ ਵੱਡੀ ਜਿੱਤ ਸੀ। ਸ਼ਾਇਦ ਇਹੋ ਨਾਕਾਮਯਾਬੀ ਬਾਦਸ਼ਾਹ ਦੇ ਪਾਗਲ ਹੋ ਜਾਣ ਦੇ ਕਾਰਨਾਂ ਚੋਂ ਇਕ ਵੱਡਾ ਕਾਰਨ ਬਣੀ।

(ਚਲਦਾ)

## ਫੁਟ ਨੋਟ ਤੇ ਹਵਾਲੇ

੧. ਖ਼ਾਫ਼ੀ ਖਾਂ–ਮੁੰਨਤਖ਼ਬੁਲ-ਲਬਾਬ, ਭਾਗ ਦੂਜਾ, ਸਫ਼ਾ ੬੬੯

੨. ਇਰਵਨ ਸਾਹਿਬ, ਲੇਟਰ ਮੁਗ਼ਲਜ਼, ਭਾਗ ਪਹਿਲਾ ਤੇ ਭਾਗ ਤੀਜਾ,
ਖ਼ਾਫ਼ੀ ਖ਼ਾਂ-ਮੁੰਨਤਖ਼ਬੁਲ-ਲਬਾਬ, ਭਾਗ ਦੂਜਾ, ੬੭੧

੩. ,, ,, ,, ,, ੬੬੯-੭੦

ਨੋਟ :–(ੳ) ਸਿੰਘਾਂ ਦੇ ਭੇਸ ਬਾਰੇ ਸਮਕਾਲੀ ਮੁਸਲਮਾਨ ਇਤਿਹਾਸਕਾਰਾਂ ਤੇ ਸਾਧਾਰਨ ਲਿਖਾਰੀਆਂ ਨੇ



www.AKJ.Org

ਉਨ੍ਹਾਂ ਨੂੰ ਫ਼ਕੀਰੀ ਲਿਬਾਸ, ਭੇਸ ਵਾਲੇ ਲਿਖਿਆ ਹੈ। ਇਹ ਲਿਖਾਰੀ ਵੀ ਆਪਣੀ ਥਾਂ ਸੱਚੇ ਹਨ। ਫ਼ਕੀਰ ਦੇ ਜਿਸਮ ਤੇ ਪੂਰਾ ਕਪੜਾ ਨਹੀਂ ਹੁੰਦਾ। ਪੂਰਾ ਕਪੜਾ ਉਸ ਜਿਸਮ ਨੂੰ ਢਕਣ ਜੋਗਾ ਕਿਥੋਂ, ਜਿਸ ਨੂੰ ਖਾਣ ਲਈ ਪੂਰੀ ਖ਼ੁਰਾਕ ਵੀ ਨਾ ਮਿਲੇ। ਇਹ ਫ਼ਕੀਰ ਮਸਕੀਨ ਵਿਚਾਰੇ ਅੱਧ-ਨੰਗੇ ਹੀ ਵਿਚਰਦੇ ਹਨ। ਰਾਠ ਸਿੰਘਾਂ ਨੂੰ, ਜੋ ਸਰਕਾਰ ਦੇ ਜ਼ੁਲਮ ਜਬਰ ਤੇ ਬੇ-ਇਨਸਾਫ਼ੀ ਵਿਰੁਧ ਜੂਝਦੇ ਸਨ, ਘਰ ਘਾਟ ਛਡਣੇ ਪੈਂਦੇ ਸਨ। ਜੀਵਨ ਦੇ ਸੁਖ ਇਨ੍ਹਾਂ ਨੂੰ ਕਿਥੋਂ ? ਜਿਥੇ ਸਮੇਂ ਦੇ ਬਾਦਸ਼ਾਹ ਨੇ ਇਨ੍ਹਾਂ ਦੀ ਮੁਕੰਮਲ ਤਬਾਹੀ ਲਈ ਕਤਲਾਮ ਦੇ ਸਦੀਵੀ ਹੁਕਮ ਚਾੜ੍ਹ ਛਡੇ ਹੋਣ, ਉਨ੍ਹਾਂ ਲਈ ਪੂਰੇ ਕਪੜੇ ਹਾਸਲ ਕਰ ਲੈਣਾ ਬੜੀ ਦੂਰ ਦੀ ਗੱਲ ਸੀ। ਉਸ ਵੇਲੇ ਇਕ ਰਾਠ ਸਿੰਘ ਦਾ ਆਮ ਕਰਕੇ ਇਹ ਲਿਬਾਸ ਸੀ : ਸਿਰ ਤੇ ਦੁਮਾਲਾ, ਪਿੰਡੇ ਤੇ ਭੂਰੇ ਦੀ ਗਿਲਤੀ, ਤੇੜ ਕਛਹਿਰਾ ਤੇ ਇਕ ਕਛਹਿਰਾ ਕਮਰਕਸੇ, ਇਕ ਚਾਦਰ ਜਾਂ ਤਕੜਾ ਪਰਨਾ-ਸਾਫਾ ਵੀ ਕਮਰ ਦੁਆਲੇ। ਸਿੰਘ ਨੂੰ ਜੇ ਘੋੜਾ ਨਸੀਬ ਹੈ ਤਾਂ ਇਕ ਭੂਰਾ ਘੋੜੇ ਲਈ। ਹਾਂ ਹਥਿਆਰ, ਤੇਗ, ਢਾਲ, ਪੇਸ਼ਕਬਜ਼, ਨੇਜ਼ਾ, (ਜੇ ਰਾਮ-ਜੰਗਾ ਜਾਂ ਤੀਰ ਕਮਾਨ ਪਾਸ ਹੋਵੇ) ਆਦਿ ਸਰੀਰ ਤੇ ਭੂਸ਼ਨਾਂ ਵਾਂਗ ਸਜਾਏ ਹੁੰਦੇ ਸਨ। ਸ਼ਾਹੀ ਫੌਜ ਤੇ ਹੋਰ ਅਮੀਰ ਵਜ਼ੀਰ, ਜਿਨ੍ਹਾਂ ਪਾਸ ਜ਼ਿੰਦਗੀ ਦੇ ਸਭ ਸੁਖ ਚੈਨ ਤੇ ਕਪੜੇ ਲੱਤੇ ਦੀ ਕੋਈ ਕਮੀ ਨਹੀਂ ਸੀ ਹੁੰਦੀ, ਇਨ੍ਹਾਂ ਦੀ ਨਿਗਾਹ ਵਿਚ ਇਕ ਭੂਰੀ ਤੇ ਕਛਹਿਰੇ ਵਾਲਾ ਸਿੰਘ ਫ਼ਕੀਰ ਹੀ ਨਜ਼ਰ ਆਉਂਦਾ ਸੀ। ਹਾਂ ਸਿੰਘ ਸਰਦਾਰਾਂ ਪਾਸ, ਜਿਹੜੇ ਜਥੇਦਾਰ ਸਨ ਜਾਂ ਕੋਈ ਪਦਵੀ ਰਖਦੇ ਸਨ, ਉਨ੍ਹਾਂ ਪਾਸ ਕਪੜੇ ਹੁੰਦੇ ਸਨ। ਮੰਨ ਲੋ ਸੈਂਕੜੇ ਹਜ਼ਾਰਾਂ ਵਿਚੋਂ ਇਕ ਦੋ ਪਾਸ। ਇਹੋ ਕਾਰਨ ਹੈ ਕਿ ਖ਼ਾਫ਼ੀ ਖ਼ਾਂ ਨੂੰ ਆਮ ਸਿਖ, ਫ਼ਕੀਰ ਹੀ ਨਜ਼ਰ ਆਉਂਦਾ ਹੈ ਤੇ ਉਨ੍ਹਾਂ ਦੇ ਲਿਬਾਸ ਨੂੰ ਉਹ ਫਕੀਰੀ ਭੇਸ ਸਮਝਦੈ।

(ਅ) ਜਿਸ ਲਿਖਾਰੀ ਦਾ ਉਲਾਰ ਕਿਸੇ ਪਾਸੇ ਹੈ ਤੇ ਉਹ ਨਿਰਪਖ ਹੋਣ ਦੀ ਸਮਰੱਥਾ ਨਹੀਂ ਰਖਦਾ, ਉਹ ਆਪਣੇ ਜ਼ਮੀਰ ਨੂੰ ਪੈਰਾਂ ਥਲੇ ਮਸਲ ਕੇ ਸਚਾਈ ਤੋਂ ਕਤਰਾਂਦਾ ਹੈ। ਖ਼ਾਫ਼ੀ ਖ਼ਾਂ ਤੇ ਇਸ ਤਰ੍ਹਾਂ ਹੋਰ ਅਨੇਕਾਂ ਮੁਸਲਮਾਨ ਇਤਿਹਾਸਕਾਰ, ਜੋ ਬਾਦਸ਼ਾਹ ਨੂੰ ਜਿੱਲੇ-ਇਲਾਹੀ (ਰੱਬੀ ਪਰਛਾਵਾਂ) ਸਮਝਦੇ ਹਨ ਤੇ ਉਸਦਾ ਦਿਤਾ ਖਾਂਦੇ ਹਨ, ਉਹ ਦੀਨ ਦੇ ਰਖਿਅਕ ਪਾਤਸ਼ਾਹ ਜੋ ਦੀਨੀ ਭਰਾ ਹੈ, ਦੇ ਨੁਕਸਾਨ ਨੂੰ, ਉਹ ਵੀ ਜੋ ਕਾਫ਼ਰਾਂ ਹੱਥੋਂ ਹੋਇਆ ਹੈ, ਕਿਵੇਂ ਹਵਾ ਵਿਚ ਉਛਾਲਣ। ਕਾਫ਼ਰਾਂ ਨੂੰ ਜੇ ਉਹ ਤਲਵਾਰ ਨਾਲ ਨਹੀਂ ਮਾਰ ਸਕਦੇ, ਘਟੋ ਘਟ ਕਲਮ ਨਾਲ ਤਾਂ ਮਾਰ ਕੇ ਖੁਸ਼ ਹੋਣ। ਬੇਸ਼ਕ ਝੂਠ ਮੂਠ ਹੀ ਮਰਿਆ ਵਿਖਾਉਣ। ਸ਼ਾਹੀ ਫੌਜਾਂ ਦੇ ਕੁਸ਼ਤਿਆਂ ਦੇ ਪੁਸ਼ਤੇ ਲੱਗ ਗਏ, ਪਰ ਗਿਣਤੀ ਦੇਣੋਂ ਝਿਜਕਦਾ ਹੈ। ਉਸਦੇ ਮਨ ਦਾ ਉਲਾਰ ਆਪਣੇ ਧਰਮ ਇਸਲਾਮ ਵਲ ਹੈ। ਇਸਲਾਮ ਦੇ ਰਾਖੇ ਪਾਤਸ਼ਾਹ ਦੀ ਫੌਜ ਨੂੰ ਪਈ ਮਾਰ ਕਿਵੇਂ ਉਹ ਇੰਨ-ਬਿੰਨ ਲਿਖੇ ! ਸੱਚ ਬੋਲਣਾ ਬੜਾ ਔਖਾ ਹੈ। ਅਸੀਂ ਮੰਨ ਲੈਂਦੇ ਹਾਂ ਕਿ ਸਿਖ ੧੫੦੦ ਹੀ ਖੇਤ ਰਿਹਾ ਹੋਵੇਗਾ, ਪਰ ਉਸ ਨੇ ਇਸ ਗਿਣਤੀ ਨੂੰ ਕੁਸ਼ਤਿਆਂ ਦੇ ਪੁਸ਼ਤੇ ਨਹੀਂ ਲਿਖਿਆ। ਇਸ ਤੋਂ ਇਹ ਸਿਧ ਹੋਇਆ ਕਿ ਜਿਨ੍ਹਾਂ ਦੇ ਮੁਰਦਿਆਂ ਦੇ ਪੁਸ਼ਤੇ (ਢੇਰਾਂ ਦੇ ਢੇਰ) ਲਗੇ, ਉਹ ੧੫੦੦ ਤੋਂ ਕਈ ਗੁਣਾਂ ਜ਼ਿਆਦਾ ਹੋਣਗੇ। ਜਿਨ੍ਹਾਂ ਮੁਰਦਿਆਂ ਨੂੰ ਤੇ ਮਰ ਰਿਹਾਂ ਨੂੰ ਤੱਕ ਕੇ ਉਸ ਨੇ ਪਲਕ ਲਈ ਸਮਝਿਆ ਸੀ ਕਿ ਸ਼ਾਹੀ ਸੈਨਾ ਨਿਬੜੀ ਕਿ ਨਿਬੜੀ, ਉਨ੍ਹਾਂ ਦੀ ਗਿਣਤੀ ਤਾਂ ਕਈ ਹਜ਼ਾਰਾਂ ਦੀ ਹੋਵੇਗੀ। ਖ਼ਾਫ਼ੀ ਖ਼ਾਂ ਦੇ ਵੱਸ ਦੀ ਗੱਲ ਨਹੀਂ, ਉਹ ਇਕ ਪੱਕਾ ਮੁਸਲਮਾਨ ਹੈ, ਈਮਾਨ ਵਾਲਾ ਹੈ। ਆਪਣੇ ਪੱਖ ਦਾ ਨਫ਼ਾ ਨੁਕਸਾਨ ਸੋਚਦੈ। ਇਸਲਾਮ ਬਾਰੇ ਤਾਂ ਸੱਚਾ ਹੈ, ਪਰ ਇਤਿਹਾਸ ਬਾਰੇ ਸੱਚ ਤੋਂ ਥਿੜਕਦੈ। ਸਿਖ ਇਤਿਹਾਸ ਦਾ ਬਸ ਇਹੋ ਹੀ ਦੁਖਾਂਤ ਰਿਹਾ ਹੈ ਕਿ ਇਸਦੀਆਂ ਘਾਲਾਂ ਨੂੰ ਇੰਨ-ਬਿੰਨ ਤੇ ਹੱਕੋ ਹੱਕ ਦਸਣ ਦੀ ਕਿਸੇ ਗ਼ੈਰ-ਸਿਖ ਇਤਿਹਾਸਕਾਰ ਨੇ ਜੁਰਅਤ ਨਹੀਂ ਕੀਤੀ। ਸਿਖ ਇਤਿਹਾਸ ਨੂੰ ਰੋਲਿਆ ਘਚੋਲਿਆ ਤੇ ਮਿਥ ਮਿਥ ਕੇ ਧੁੰਦਲਾ ਕੀਤਾ ਗਿਆ ਹੈ। ਫਿਰ ਵੀ ਜਿੰਨੀ ਥੋੜੀ ਬਹੁਤ ਸਚਾਈ ਸਾਡੇ ਸਾਮ੍ਹਣੇ ਆਈ ਹੈ,ਉਸ ਨੇ ਹੀ ਦੂਜਿਆਂ ਦੇ ਇਤਿਹਾਸ ਨੂੰ, ਪਖਪਾਤੀ ਬਣ ਕੇ ਤੇ ਵਿਧੀ-ਜੁਗਤੀ ਪੂਰਬਕ ਸੰਵਾਰ ਸੰਵਾਰ ਕੇ ਤੇ ਸੱਚ ਵਲੋਂ ਬੇਲਿਹਾਜ਼ੇ ਹੋ ਕੇ ਲਿਖਿਆ ਸੀ, ਨੂੰ ਬੀਚ ਮੈਦਾਨ ਦੇ ਮਾਤ ਪਾ ਕੇ ਰਖ ਦਿਤਾ ਹੈ। ਦੁਨੀਆ ਅੱਸ਼ ਅੱਸ਼ ਕਰਦੀ ਹੈ।

ਆਪਣੇ ਨਫੇ ਨੁਕਸਾਨ ਬਾਰੇ, ਜਿਥੇ ਗੱਲ ਲਿਖਤ ਵਿਚ ਆਉਣੀ ਹੋਵੇ, ਸਰਕਾਰਾਂ ਕਿੰਨੀਆਂ ਪਖਪਾਤੀ ਹੁੰਦੀਆਂ ਹਨ—ਇਹ ਗੱਲ-ਚਲੀ ਸੀ। ਜ਼ਰਾ ਮਿਸਾਲ ਲਵੋ ! ਮਾਉ ਦੀ ਅਗਵਾਈ ਵਿਚ ਚੀਨਿਆਂ ਨੇ ਚਿਆਂਗਕਾਈ ਸ਼ਿਕ, ਜਿਸਦੀ ਪਿਠ ਤੇ ਅਮ੍ਰੀਕਾ, ਬਰਤਾਨੀਆ, ਫ਼ਰਾਂਸ, ਇਟਲੀ ਆਦਿ ਸਨ, ਦੇ ਵਿਰੁਧ ਬੜੀ ਲੰਮੀ ਤੇ ਡਟਵੀਂ ਲੜਾਈ ਲੜੀ। ਸਾਮਰਾਜੀ ਤਾਕਤਾਂ ਦਾ ਅਖ਼ਬਾਰੀ ਮੀਡੀਆ ਮਾਉ-ਪੱਖੀ ਲੜਾਕੂਆਂ ਦੇ ਨੁਕਸਾਨ ਨੂੰ ਬੜਾ ਵਧਾ ਚੜ੍ਹਾ ਕੇ ਦਸਿਆ ਕਰੇ। ਚਿਆਂਗ ਵਾਲੀ ਸਰਕਾਰ ਕੌਮੀ ਸਰਕਾਰ ਵਜਦੀ ਸੀ ਤੇ ਫ਼ੌਜ ਕੌਮੀ ਫ਼ੌਜ ਅਖਵਾਉਂਦੀ ਸੀ। ਰੋਜ਼ ਪੜ੍ਹਨ ਨੂੰ ਮਿਲਿਆ ਕਰੇ ਕਿ ਨੈਸ਼ਨਲਿਸਟ ਫ਼ੌਜਾਂ ਨੇ ਏਨੇ ਹਜ਼ਾਰ ਬਾਗੀ ਗੁਰੀਲੇ ਮਾਰ ਮੁਕਾਏ, ਏਨੇ ਮਾਰ ਖਪਾਏ, ਏਨੇ ਗ੍ਰਿਫ਼ਤਾਰ ਕਰ ਲਏ। ਇਕ ਦਿਨ ਤਾਂ ਸੀ ਕਿ ਲੜਾਈ ਜੋ ਯੰਗਸੀ ਕਿਆਂਗ ਦਰਿਆ-ਕੰਢੇ ਹੋ ਰਹੀ ਸੀ, ਉਸ ਵਿਚ ਏਨੇ ਬਾਗੀ ਮਾਰ ਕੇ ਸੁਟੇ ਗਏ ਕਿ ਯੰਗਸੀ ਨਦੀ ਦਾ ਪਾਣੀ ਸੁਰਖ਼ ਹੋ ਕੇ ਵਗਣ ਲੱਗ ਪਿਆ। ਸਾਡੇ ਪੰਜਾਬ ਦੇ ੧੯੪੮-੪੯ ਦੇ ਉਰਦੂ ਦੇ ਅਖ਼ਬਾਰ, ਜੋ ਆਰੀਆ ਸਮਾਜੀ ਲਾਲਿਆਂ ਦੀ ਇਕ ਕਿਸਮ ਦੀ ਮਨਾਪਲੀ ਹੀ ਬਣ ਚੁਕੇ ਸਨ, ਅਮ੍ਰੀਕੀ ਰਿਜ਼ਕ-ਦਾਤਿਆਂ ਨੂੰ ਖੁਸ਼ ਕਰਨ ਲਈ ਸਹਾਫ਼ਤੀ ਨੈਤਿਕਤਾ ਦੀਆਂ ਸਭ ਹੱਦਾਂ ਟੱਪ ਗਏ ਸਨ। ਇਨ੍ਹਾਂ ਲਿਖਣੋਂ ਸੰਕੋਚ ਨਹੀਂ ਕੀਤਾ। ਪਰ ਦੁਨੀਆ ਉਸ ਦਿਨ ਹੈਰਾਨ ਰਹਿ ਗਈ ਜਦ ਬਾਗੀਆਂ ਨੇ ਕੌਮੀ ਸਰਕਾਰ ਦਾ ਲਾਸ਼ਾ ਚੁਕ ਕੇ ਫ਼ਾਰਮੂਸਾ ਵਿਚ ਸੁਟ ਦਿਤਾ, ਜਿਥੇ ਹੁਣ ਵੀ ਕਿਸੇ ਨ ਕਿਸੇ ਹਾਲਤ ਵਿਚ ਉਸ ਗਲੀ ਸੜੀ ਲਾਸ਼ ਨੂੰ ਅਮ੍ਰੀਕੀ ਬਹਿਰੀ ਬੇੜਿਆਂ ਦੀ ਬੁਕਲ ਵਿਚ ਜੀਉਂਦਾ ਹੀ ਦਰਸਾਇਆ ਜਾ ਰਿਹਾ ਹੈ। ਪਰ ਹੁਣ ਇਹ ਅਖ਼ਬਾਰ ਉਸ ਬਾਰੇ ਤੇ ਇਹੋ ਜਿਹੀਆਂ ਹੋਰ ਸਚਾਈਆਂ ਬਾਰੇ ਕੁਝ ਵੀ ਨਹੀਂ ਲਿਖਦੇ। ਸ਼ਾਇਦ ਸਮਝ ਗਏ ਹੋਣ ਕਿ ਮਰੇ ਨੂੰ ਕੌਣ ਜੀਉਂਦਾ ਮੰਨ ਲਵੇਗਾ।

ਪਾਕਿਸਤਾਨ ਤੇ ਅਮ੍ਰੀਕੀ ਸ਼ਹਿ ਤੇ ਹਰ ਪ੍ਰਕਾਰ ਦੀ ਸਹਾਇਤਾ ਨਾਲ ਅਫ਼ਗ਼ਾਨ ਮੁਜਾਹਦੀਨ ਨੇ ਕਾਬਲ ਸਰਕਾਰ ਨਾਲ ਆਢਾ ਲਾਇਆ ਹੋਇਆ ਹੈ। ਕਈ ਥਾਵਾਂ ਤੇ ਬੜੇ ਸਖ਼ਤ ਹਮਲੇ ਕੀਤੇ। ਪਾਕੀ ਫੌਜਾਂ ਭੇਸ ਵਟਾ ਕੇ ਨਾਲ ਲੜੀਆਂ, ਕਾਫ਼ੀ ਨੁਕਸਾਨ ਉਠਾ ਕੇ ਪਿਛਾਂਹ ਹਟੀਆਂ। ਦੂਜੇ ਬੰਨੇ ਅਫ਼ਗ਼ਾਨ ਸਰਕਾਰ ਦੀ ਸਹਾਇਤਾ ਤੇ ਰੂਸੀ ਮਸੱਲ੍ਹਾ ਫੌਜਾਂ ਸਨ। ਹਰ ਛੋਟੀ ਮੋਟੀ ਝੜਪ ਪਿਛੋਂ ਪਾਕ ਟੀ.ਵੀ, ਰੇਡੀਓ ਤੇ ਅਖਬਾਰਾਂ ਨੇ ਘਟਨਾਵਾਂ ਨੂੰ ਮਸਾਲੇ ਲਾ ਲਾ ਪੇਸ਼ ਕੀਤਾ। ਕੋਈ ਐਸੀ ਝੜਪ ਨਹੀਂ ਜਿਸ ਵਿਚ ਸੈਂਕੜੇ ਰੂਸੀ ਫੌਜੀ ਟੈਂਕ ਤੇ ਬਕਤਰ-ਬੰਦ ਗੱਡੀਆਂ ਖ਼ਤਮ ਨਾ ਹੋਈਆਂ ਹੋਣ। ਕਿਸੇ ਮੁਜਾਹਦ ਨੂੰ ਤੱਤੀ ਵਾ ਲਗੀ ਵੀ ਨਹੀਂ ਦਸਿਆ ਜਾਂਦਾ। ਜਿੰਨੀ ਰੂਸੀ ਫੌਜ ਪਾਕ ਵਲੋਂ ਮਰੀ ਵਿਖਾਈ ਗਈ ਹੈ, ਇਸ ਹਿਸਾਬ ਨਾਲ ਰੂਸ ਦੀ ਸਾਰੀ ਫੌਜ, ਟੈਂਕਾਂ, ਤੋਪਾਂ, ਬਕਤਰ-ਬੰਦ ਗੱਡੀਆਂ, ਹਵਾਈ ਜਹਾਜ਼ਾਂ ਸਮੇਤ ਕਈ ਵਾਰ ਮਰ ਚੁਕੀ ਹੋਣੀ ਚਾਹੀਦੀ ਸੀ।

੧੯੬੫ ਈ: ਤੇ ੧੯੭੧ ਦੀਆਂ ਹਿੰਦ-ਪਾਕ ਜੰਗਾਂ ਵਿਚ ਹਿੰਦੁਸਤਾਨ ਦੀ ਸਾਰੀ ਫੌਜ, ਹਵਾਈ ਫੌਜ ਤੇ ਸਮੁੰਦਰੀ ਫੌਜ ਪਾਕਿਸਤਾਨ ਵਲੋਂ ਪਾਕੀ ਸੂਰਮਿਆਂ ਨੇ ਕਈ ਕਈ ਵਾਰ ਫ਼ਨਾਹ ਕਰ ਛਡੀ ਹੈ, ਪਰ ਆਪਣਾ ਕਦੀ ਕੋਈ ਨੁਕਸਾਨ ਨਹੀਂ ਸੀ ਵਿਖਾਇਆ। ੧੯੬੫ ਈ: ਵਿਚ "ਹਮ ਜਬ ਚਾਹੇਂਗੇ ਟਹਿਲਤੇ ਟਹਿਲਤੇ ਦਿਲੀ ਆ ਜਾਏਂਗੇ" ਕਹਿਣ ਵਾਲਾ ਖ਼ੁਦ ਸਾਖ਼ਤਾ ਫ਼ੀਲਡ ਮਾਰਸ਼ਲ ੫੦੦ ਤੋਂ ਉਤੇ ਪਿੰਡ ਤੇ ਚੌਂਕੀਆਂ ਕਸ਼ਮੀਰ ਵਿਚ ਖੁਹਾ ਕੇ ਤੇ ਕਾਫ਼ੀ ਜਾਨੀ ਮਾਲੀ ਨੁਕਸਾਨ ਕਰਵਾ ਕੇ, ਬੜੀ ਕਾਮਯਾਬੀ ਨਾਲ ਹਾਰ ਕੇ ਗੋਡਿਆਂ ਪਰਨੇ ਹੋ ਕੇ ਸੁਲ੍ਹਾ ਅਮਨ ਦੇ ਫ਼ਾਇਦੇ ਭਾਰਤ ਨਾਲ ਸਾਂਝੇ ਕਰ ਰਿਹਾ ਸੀ। ਇਰਾਕ ਈਰਾਨ ਦੀਆਂ ਲੜਾਈਆਂ ਤੇ ਇਸਰਾਈਲ ਮਿਸਰ ਦੀਆਂ ਲੜਾਈਆਂ ਵਿਚ ਆਪਸੀ ਨੁਕਸਾਨ ਨੂੰ ਝੂਠ ਦੇ ਛਜੀਂ ਖ਼ੂਬ ਛਟਿਆ।

ਲੋਹਗੜ੍ਹ ਦੀ ਲੜਾਈ ਵੇਲੇ ਵੀ ਇਨਸਾਨੀ ਫ਼ਿਤਰਤ ਇੰਜ ਹੀ ਕੰਮ ਕਰ ਰਹੀ ਸੀ। —ਸਵਰਨ ਸਿੰਘ

੪. ਕਾਮਵਰ ਖਾਂ ਤਜ਼ਕ੍ਰਾਤੁ-ਸਲਾਤੀਨ—੧੩੫-ਅ, ਬਹਵਾਲਾ।
ਡਾ: ਗੰਡਾ ਸਿੰਘ ਦੀ ਪ੍ਰਸਿਧ ਪੁਸਤਕ—ਬੰਦਾ ਸਿੰਘ ਬਹਾਦਰ, ਸਫ਼ਾ ੧੩੭

੫. ਖ਼ਾਫ਼ੀ ਖ਼ਾਨ——ਮੁੰਨਤਖ਼ਬੁਲ-ਲਬਾਬ, ਭਾਗ ਦੂਜਾ, ੬੭੧-੭੨

੬. ਖ਼ਾਫ਼ੀ ਖ਼ਾਨ, ਇਲੀਅਟ ਐਂਡ ਡਾਸਨ ਵਲੋਂ ਛਪੀ, ਖੰਡ ਸੱਤਵਾਂ, ੪੨੪

# ਐਸੀ ਉਜਲੀ ਮਤ ਹੈ ਖ਼ਾਲਸੇ ਦੀ

[ਸ: ਅਤਰ ਸਿੰਘ 'ਨੀਰ', ੬੨, ਸੈਨਕ ਵਿਹਾਰ, ਦਿਲੀ-੩੪]

ਬਰਛੇ ਢਾਲ ਕਟਾਰੀਆਂ ਬੋਲ ਪਈਆਂ, ਉਚੀ ਸਭ ਤੋਂ ਪੱਤ ਹੈ ਖਾਲਸੇ ਦੀ।
ਸਦਾ ਸਿਮਰ ਭਗੌਤੀ ਅਕਾਲ ਗੂੰਜਣ, ਐਸੀ ਉਜਲੀ ਮਤ ਹੈ ਖਾਲਸੇ ਦੀ।
ਰਤੀ ਰਤੀ ਸਰੀਰ ਦਾ ਹੋਇਆ ਬੇਸ਼ਕ, ਫਿਰ ਵੀ ਝੰਵੀਂ ਨ ਰੱਤ ਹੈ ਖਾਲਸੇ ਦੀ।
ਲੂੰ ਲੂੰ ਨਾਲ ਤੂੰਬੇ ਭਾਵੇਂ ਗਿਆ ਤੁੰਬਿਆ, ਪਾਈ ਫਿਰ ਗਈ ਨ ਗੱਤ ਹੈ ਖਾਲਸੇ ਦੀ।
ਲਥਾ ਹੋਇਆ ਲੰਗਾਰ ਫਿਰ ਸੀ ਦੇਵਣ, ਬੇਸ਼ਕ ਬਾਜ਼ੀ ਵੀ ਜਾਨ ਦੀ ਲਗ ਜਾਵੇ।
ਡੋਲੇ ਖਾਲਸਾ ਨ ਪਾਵੇ ਤੇੜ ਮੱਥੇ, ਬੇਸ਼ਕ ਹੜ ਤੂਫ਼ਾਨਾਂ ਦਾ ਵੱਗ ਜਾਵੇ।

ਬੇਸ਼ਕ ਛਵ੍ਹੀਆਂ ਨੇ ਲਾਹੇ ਸ਼ੱਵ ਰਜ ਰਜ਼, ਫਿਰ ਵੀ ਛਬੀ ਸਰਦਾਰ ਦੀ ਲੁਕੀ ਕੋਈ ਨ।
ਇੰਜਣ ਸ਼ੂਕਦੇ ਰੁਕੇ ਤੇ ਰੁਕੇ ਬੇਸ਼ਕ, ਜਫੀ ਆਸ਼ਕਾਂ ਦੀ ਐਪਰ ਰੁਕੀ ਕੋਈ ਨ।
ਭੌਂ ਭੌਂ ਕੇ ਚਰਖੀਆਂ ਭੌਰ ਹੋਈਆਂ, ਐਪਰ ਉਪਰ ਚੜ੍ਹਨੋਂ ਜਿੰਦੜੀ ਉਕੀ ਕੋਈ ਨ।
ਸੀਸ ਲਥਿਆ ਤਲੀ ਤੇ ਧੜਾਂ ਰਖਿਆ, ਰੱਤ ਅਣਖੀ ਦੀ ਰਤੀ ਵੀ ਮੁਕੀ ਕੋਈ ਨ।
ਰੰਬੀਆਂ ਟੁਰਦੀਆਂ ਟੁਰਦੀਆਂ ਖੁੰਢ ਹੋਈਆਂ, ਵੇਖੋ ਹੌਸਲੇ ਕਿੰਨੇ ਦਸਮੇਸ਼ ਦਿਤੇ।
ਖੋਪਰ ਲਥੇ ਤਾਂ ਲਥੇ, ਬੇਸ਼ਕ ਲਥੇ, ਐਪਰ ਲਥਣ ਨ ਸਿਰਾਂ ਦੇ ਕੇਸ ਦਿਤੇ।

ਜਿੰਦਾਂ ਨੰਨ੍ਹੀਆਂ ਦੋ ਸਰਹੰਦ ਅੰਦਰ, ਜ਼ਿੰਦਾ ਜ਼ਾਲਮਾਂ ਵਿਚ ਦੀਵਾਰ ਚਿਣੀਆਂ।
ਵਾਰ ਵਾਰ ਤੇ ਤੇਸੀ ਦੀ ਮਾਰ ਠੋਕਰ, ਖਿਚ ਖਿਚ ਕੇ ਗਾਰੇ ਵਿਚਕਾਰ ਚਿਣੀਆਂ।
ਫਤਿਹ ਸਿੰਘ ਜ਼ੋਰਾਵਰ ਨੂੰ ਆਖਿਆ ਏ, ਇੱਟਾਂ ਵੇਖਣਾ ਨ ਜਾਣ ਬਾਹਿਰ ਚਿਣੀਆਂ।
ਪਿਛੇ ਹਟਣਾ ਕੰਮ ਨਹੀਂ ਖਾਲਸੇ ਦਾ; ਬੇਸ਼ਕ ਤਕਣਾ ਹੋਣ ਜ਼ੋਰਦਾਰ ਚਿਣੀਆਂ।
ਅਸੀਂ ਉਸਦੀ ਅੰਸ ਹਾਂ ਵੀਰ ਮੇਰੇ, ਜਿਨ੍ਹੇ ਖੰਡੇ ਚੋਂ ਖਾਲਸਾ ਰੂਪ ਦਿਤਾ।
ਚਿੜੀਆਂ ਜਿਸਦੀਆਂ ਬਾਜ਼ਾਂ ਨੂੰ ਛਿਲ ਮੁਛ ਕੇ, ਗੰਨਿਆਂ ਵਾਂਗ ਮਰੋੜ ਕੇ ਚੂਪ ਦਿਤਾ।

ਕੇਸਗੜ੍ਹ ਦੀ ਰੰਗਲੀ ਜੂਹ ਵਿਚੋਂ, ਇਕ 'ਵਾਜ ਨਿਕਲੀ ਇਕ ਧਾਰ ਨਿਕਲੀ।
ਬਿਜਲੀ ਵਾਂਗਰਾਂ ਕੜਕਦੀ ਫੜਕਦੀ ਹੋਈ, ਲਿਸ਼ਕਾਂ ਮਾਰਦੀ ਇਕ ਤਲਵਾਰ ਨਿਕਲੀ।
ਜਿਸਦੇ ਨਾਹਰੇ ਚੋਂ ਨਾਹਰ ਦੀ ਗਰਜ ਬਣ ਕੇ, ਲਹੂ ਵਿਚ ਨਹਾਤੀ ਹੋਈ ਨਾਰ ਨਿਕਲੀ।
ਸੂਰਮਗਤੀ ਕੁਰਬਾਨੀ ਤਿਆਗ ਮੂਰਤ, ਪੰਜ ਪਰਵਾਨਿਆਂ ਦੀ ਇਕ ਕਤਾਰ ਨਿਕਲੀ।
ਭੈ ਮੰਨਣਾ ਨਹੀਂ ਉਦੇਸ਼ ਸਾਡਾ, ਭੈ ਦੇਣ ਦੀ ਕਿਸੇ ਨ ਲਾਲਸਾ ਹੈ।
ਖ਼ਾਲੀ ਵੈਰ ਵਿਰੋਧ ਤੇ ਵਿਤਕਰੇ ਤੋਂ, ਕਲਗੀ ਵਾਲੇ ਦਾ ਲਾਡਲਾ ਖਾਲਸਾ ਹੈ।

ਭਾਗੋ ਆਖਿਆ ਭਜਣਾ ਭਾਗ ਭੈੜੇ, ਭੰਨਣ ਘੜਨ ਸਮੱਰਥ ਨੂੰ ਜਾਣਿਆ ਨ।
ਭੈ-ਭੀਤ ਹੋ ਭੁਰੜੇ ਗਏ ਭਰਮ ਅੰਦਰ, ਭੁਲਿਆਂ ਅਪਣਾ ਭਲਾ ਪਛਾਣਿਆ ਨ।
ਭਸਮਾਭੂਤ ਭਵਾਨੀਆਂ ਉਹ ਹੋਈਆਂ, ਵੈਰੀ ਵਤਨ ਦੇ ਨੂੰ ਜਿਨ੍ਹਾਂ ਗਾਣਿਆ ਨ।
ਰਤੀ ਰਤੀ ਹੋ ਰੋੜਿਆਂ ਵਾਂਗ ਰੁਲੀਆਂ, ਜਿਨ੍ਹਾਂ ਖਸਮਾਂ ਦੀ ਛਾਵਾਂ ਨੂੰ ਮਾਣਿਆ ਨ।
ਮਹਾਂ ਸਿੰਘ ਦੀ ਅੱਖ ਉਘੇੜ ਦਿਤੀ, ਮਾਈ ਭਾਗੋ ਦੇ ਰਾਜ਼ ਦੇ ਨੁਕਤਿਆਂ ਨੇ।
• ਧਰਮ-ਧੁਜਾ ਨੂੰ 'ਨੀਰ' ਬੁਲੰਦ ਕੀਤਾ, ਜਾਨਾਂ ਹੂਲ ਕੇ ਤੇ ਚਾਲੀ ਮੁਕਤਿਆਂ ਨੇ।



www.AKJ.Org

# ਦੋਦੜੇ-ਡੇਰੇ ਬਾਰੇ ਸਿੰਘ ਸਭਾ ਬੰਬਈ ਦਾ ਮਤਾ

ਸ੍ਰੀ ਗੁਰੂ ਸਿੰਘ ਸਭਾ ਬੰਬਈ (ਦਾਦਰ) ਵਿਖੇ ਮਿਤੀ ੧੯-੪-੯੦ ਨੂੰ ਸਮੂੰਹ ਸਿੱਖ ਸੰਸਥਾਵਾਂ, ਜਥੇਬੰਦੀਆਂ, ਸੁਸਾਇਟੀਆਂ ਅਤੇ ਪ੍ਰਤਿਸ਼ਟ ਸਜਣਾਂ ਦੀ ਸਾਂਝੀ ਮੀਟਿੰਗ ਹੋਈ, ਜਿਸ ਵਿਚ ਦੋਦੜੇ (ਬਠਿੰਡਾ) ਦੇ ਡੇਰੇ ਅਤੇ ਲੁਧਿਆਣਾ ਵਿਖੇ (ਬਾਊ ਜਸਵੰਤ ਸਿੰਘ, ਜੋ ਇਸ ਡੇਰੇ ਦੇ ਸੰਚਾਲਕ ਹਨ) ਚਲ ਰਹੀ ਮਨਮਤਿ ਬਾਰੇ ਵਿਚਾਰ ਹੋਈ। ਕਈ ਸਜਣਾਂ ਨੇ, ਜਿਨ੍ਹਾਂ ਖ਼ੁਦ ਉਸ ਡੇਰੇ ਤੇ ਚਲ ਰਹੀ ਮਨਮਤਿ ਨੂੰ ਦੇਖਿਆ ਹੈ, ਵਿਸਥਾਰ ਸਹਿਤ ਜਾਣਕਾਰੀ ਦਿਤੀ। ਕਾਫ਼ੀ ਖੁਲ੍ਹੀ ਤੇ ਗੰਭੀਰਤਾ ਨਾਲ ਵਿਚਾਰ ਕਰਨ ਤੇ ਇਹ ਸਪਸ਼ਟ ਹੋਇਆ ਕਿ ਪਹਿਲਾਂ ਹੀ ਇਹੋ ਜਿਹੀਆਂ ਕੁਝ ਸੰਸਥਾਵਾਂ ਗੁਰਸਿਖ ਸੰਗਤਾਂ ਨੂੰ ਗੁਰਬਾਣੀ ਦੀ ਆੜ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰ-ਅਸਥਾਨਾਂ ਨਾਲੋਂ ਤੋੜ ਕੇ ਆਪਣੇ ਡੇਰਿਆਂ ਵਿਚ ਮਨਮਤਿ ਨਾਲ ਜੋੜ ਕੇ ਸਿੱਖੀ ਮਰਯਾਦਾ ਨੂੰ ਢਾਹ ਲਾ ਰਹੀਆਂ ਹਨ। ਸੂਚਿਤ ਕੀਤਾ ਜਾਂਦਾ ਹੈ ਕਿ ਦੋਦੜੇ ਡੇਰੇ ਦੇ ਨਾਲ, ਉਥੋਂ ਦੇ ਜੋ ਪ੍ਰਬੰਧਕ ਇਸ ਮੀਟਿੰਗ ਵਿਚ ਹਾਜ਼ਰ ਸਨ, ਇਸ ਸੰਬੰਧੀ ਕੋਈ ਤਸੱਲੀ ਨਹੀਂ ਕਰਾ ਸਕੇ।

ਸਰਬ ਸੰਮਤੀ ਨਾਲ ਹੇਠ ਲਿਖਿਆ ਮਤਾ ਪਾਸ ਕੀਤਾ ਗਿਆ—

"ਸਰਬ ਸੰਮਤੀ ਨਾਲ ਪ੍ਰਵਾਨ ਹੋਇਆ ਕਿ ਦੋਦੜੇ (ਬਠਿੰਡੇ) ਡੇਰੇ ਦੇ ਸੰਚਾਲਕ ਬਾਊ ਜਸਵੰਤ ਸਿੰਘ ਜਾਂ ਉਥੋਂ ਦੇ ਡੇਰੇ ਦੇ ਹੋਰ ਜ਼ਿਮੇਵਾਰ ਪ੍ਰਬੰਧਕ ਜਦ ਤਕ, ਜਥੇਦਾਰ ਸਿੰਘ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਇਹ ਪੱਤਰ ਲੇ ਕੇ ਨਾ ਆਵਣ **'ਕਿ ਇਹ ਜਥਾ ਗੁਰਮਤਿ ਅਨੁਸਾਰ ਗੁਰਸਿਖੀ ਦਾ ਪ੍ਰਚਾਰ ਕਰ ਰਿਹਾ ਹੈ'** ਕਿਸੇ ਕਿਸਮ ਦਾ ਸਹਿਯੋਗ ਨਾ ਦਿਤਾ ਜਾਵੇ।"

ਪੰਥਕ ਫੈਸਲੇ ਮੁਤਾਬਿਕ ਅਪੀਲ ਕਰਦੇ ਹਾਂ, ਕੋਈ ਵੀ ਗੁਰਦੁਆਰਾ ਸਾਹਿਬ ਸਭਾ ਸੋਸਾਇਟੀ, ਸਿਖ ਸੰਸਥਾ ਜਾ ਹੋਰ ਨਿਜੀ ਆਪਣੇ ਘਰਾਂ ਵਿਖੇ ਦੋਦੜੇ ਦੇ ਡੇਰੇ ਵਾਲਿਆਂ ਨੂੰ ਕੋਈ ਵੀ ਪ੍ਰੋਗਰਾਮ ਨਾ ਦੇਣ ਅਤੇ ਨਾ ਹੀ ਕੋਈ ਸਹਿਯੋਗ ਦੇਣ।

ਆਸ ਕਰਦੇ ਹਾਂ ਬੰਬਈ ਦੀਆਂ ਸਮੂੰਹ ਸੰਗਤਾਂ ਇਸ ਫੈਸਲੇ ਨੂੰ ਪਰਵਾਨ ਕਰਕੇ ਸਿੱਖ ਪੰਥ ਦੀ ਮਹਾਨ ਪਵਿੱਤਰ ਮਰਯਾਦਾ ਦੀ ਸ਼ਾਨ ਨੂੰ ਕਾਇਮ ਰਖਣਗੀਆਂ।

ਦਾਸ—ਹਰਨਾਮ ਸਿੰਘ, ਜਨਰਲ ਸਕੱਤਰ ਸ੍ਰੀ ਗੁਰੂ ਸਿੰਘ ਸਭਾ ਬੰਬਈ

---

## ਗ਼ਜ਼ਲ [ਗਿ ਗੋਪਾਲ ਸਿੰਘ 'ਮਿਤਰ', ਗੁੜਗਾਉਂ]

ਪ੍ਰੀਤਮ ਦੀ ਦੀਦਾਰ-ਸਿੱਕ ਦਿਲ ਗੋਸ਼ੇ ਅੰਦਰ ਬਹਿ ਗਈ ਏ;
ਝਾਤ ਪਾਏਗਾ ਕਦ ਉਹ ਆ ਕੇ, ਇਹੀ ਤਮੰਨਾ ਰਹਿ ਗਈ ਏ।
ਦਰਸ਼ਨ-ਇੱਛਾ ਹੀ ਮੈਨੂੰ, ਇਸ ਬੁੱਤ ਅੰਦਰ ਲੈ ਆਈ ਏ;
ਪੋਚੀ ਹਿਰਦੇ-ਪੱਟੀ ਤੇ ਇਕ ਲੀਕ ਯਾਦ ਦੀ ਵਹਿ ਗਈ ਏ।
ਰਸ-ਝਰਨਾਟਾਂ ਛੇੜ ਰਹੀ ਏ, ਮਿੱਠੀ ਯਾਦ ਪਿਆਰੇ ਦੀ;
ਪੀੜ ਹਿਜਰ ਦੀ ਨੂੰ ਜਿੰਦੜੀ, ਹੁਣ ਸਹਿੰਦੀ ਸਹਿੰਦੀ ਸਹਿ ਗਈ ਏ।
ਇੰਤਜ਼ਾਰ ਦਾ ਇਕ ਪਲ ਵੀ, ਸਹਿ ਜਾਣਾ ਡਾਢਾ ਔਖਾ ਏ;
ਜਾਪੇ, ਕੰਧ ਵਿਛੋੜੇ ਦੀ ਹੁਣ, ਢਹਿੰਦੀ ਢਹਿੰਦੀ ਢਹਿ ਗਈ ਏ।
ਔਹ ਆਇਆ, ਔਹ ਆਇਆ ਸਈਓ! ਦਿਲ ਅਥਰਾ ਅਜ ਮਚਲ ਰਿਹੈ;
ਭਰੀ ਸੁਗੰਧੀ ਵਾਯੂ 'ਮਿੱਤਰ', ਜਾਂਦੀ ਜਾਂਦੀ ਕਹਿ ਗਈ ਏ।

# ਭਾ: ਸਾ: ਰਣਧੀਰ ਸਿੰਘ ਜੀ ਦਾ ਜੀਵਨ ਇਕ ਨਜ਼ਰ ਵਿਚ

ਜਨਮ–ਪਿਤਾ ਸ: ਨੱਥਾ ਸਿੰਘ ਅਤੇ ਮਾਤਾ ਪੰਜਾਬ ਕੌਰ ਦੇ ਗ੍ਰਿਹ ਨਾਰੰਗਵਾਲ ਲੁਧਿਆਣਾ ੭ ਜੁਲਾਈ ੧੮੭੮

ਬੀ.ਏ. ਕਰਕੇ ਨਾਇਬ ਤਸੀਲਦਾਰੀ ਅਤੇ ਪਹਿਲੀ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ' ਦੀ ਰਚਨਾ, ਈ: ੧੯੦੨

ਅੰਮ੍ਰਿਤ ਪਾਨ ਕਰਨਾ ਬਕਾਪੁਰ ਤਸੀਲ ਫਿਲੌਰ ਵਿਖੇ (ਪਹਿਲਾ ਨਾਂ ਬਸੰਤ ਸਿੰਘ) ੧੪ ਜੂਨ ੧੯੦੩

ਸਰਬਲੋਹ ਧਾਰਨ ਕਰਨ ਦੀ ਕਲਾ ਈ: ੧੯੦੪ ਐਬਟਾਬਾਦ ਅਕਾਲੀ ਜੋਤਿ ਦੇ ਦਰਸ਼ਨ ੨੩ ਨਵੰਬਰ ੧੯੦੪

ਦੋ ਅਖੰਡਪਾਠ ਇਕ ਚੌਂਕੜੇ ਵਿਚ ਸ੍ਰਵਣ ਕਰਨੇ ਭੋਗ ੨੩ ਨਵੰਬਰ ੧੯੦੪ ਅਤੇ ੧੩ ਜਨਵਰੀ ੧੯੦੫

ਖਾਲਸਾ ਕਾਲਜ ਅੰਮ੍ਰਿਤਸਰ ਵਿਚ ਹੋਸਟਲ ਸੁਪ੍ਰੰਟੈਂਡੈਂਟ ਅਤੇ ਅਜੀਬ ਘਟਨਾ ਈਸਵੀ ੧੯੫੦

ਖਾਲਸਾ ਦੀਵਾਨ ਦਮਦਮਾ ਸਾਹਿਬ ਦੀ ਨੀਂਹ, ਖਾਲਸਾ ਹਾਈ ਸਕੂਲ ਕਾਇਮ ਈਸਵੀ ੧੯੦੮

ਬਾਊ ਮੱਲ ਸਿੰਘ ਜੀ ਨਾਲ ਪਹਿਲਾ ਮਿਲਾਪ ਖਾਲਸਾ ਦੀਵਾਨ ਭਸੌੜ ਵਿਖੇ ਈਸਵੀ ੧੯੧੦

ਖਾਲਸਾ ਭੁਜੰਗੀ ਸਭਾ ਲੁਧਿਆਣਾ ਦੇ ਸਮਾਗਮਾਂ ਵਿਚ ੧੯੦੯ ਤੋਂ ੧੯੧੪

ਚਮਕੌਰ ਸਾਹਿਬ ਪੁਰ ਪੰਥਕ ਕਬਜ਼ਾ ਕਰਵਾਇਆ ਅਤੇ ਗੁ: ਰਕਾਬਗੰਜ ਸਾਹਿਬ ਦੀ ਕੰਧ ਈਸਵੀ ੧੯੧੪

ਗਦਰ ਸਕੀਮ ਅਤੇ ਫ਼ੀਰੋਜ਼ਪੁਰ ਛਾ: ਕਿਲ੍ਹੇ ਤੇ ਧਾਵਾ ਕਰਨ ਲਈ ਜਥੇ ਸਮੇਤ ਗਏ ੧੯ ਫ਼ਰਵਰੀ ੧੯੧੫

ਨਾਭੇ ਨਜ਼ਰਬੰਦੀ ੯ ਮਈ ੧੯੧੫ ਗ੍ਰਿਫ਼ਤਾਰੀ ਕਰਕੇ ਲੁਧਿਆਣੇ ਹਵਾਲਾਤ ਵਿਚ ੧੭ ਜੂਨ ੧੯੧੫

ਲਾਹੌਰ ਸਾਜ਼ਸ਼ ਕੇਸ ਵਿਚ ਬਗਾਵਤ ਦੇ ਦੋਸ਼ ਵਿਚ ਉਮਰ ਕੈਦ ਅਤੇ ਜਾਇਦਾਦ ਜ਼ਬਤੀ ੩੦ ਮਾਰਚ ੧੯੧੬

ਮੁਲਤਾਨ ਜੇਲ੍ਹ ਵਿਚ ਅੰਨ ਤੇ ਜਲ ਬਿਨਾ ੪੦ ਦਿਨਾਂ ਦੇ ਕਰੜੇ ਭੁਖ-ਕੜਾਕੇ ੪ ਅਪ੍ਰੈਲ ਤੋਂ ੧੩ ਮਈ ੧੯੧੬

ਹਜ਼ਾਰੀ ਬਾਗ਼ ਜੇਲ੍ਹ ਵਿਚ, ਪਹਿਲਾਂ ਅਨੰਦ ਮੰਗਲਾਚਾਰ, ਫਿਰ ਪੁਠਾ ਗੇੜ ਅਤੇ ਸਖ਼ਤੀ ਜੁਲਾਈ ੧੯੧੭

ਹਜ਼ਾਰੀ ਬਾਗ ਜੇਲ੍ਹ ਤੋਂ ੧੮ ਸਿੰਘਾਂ ਦਾ ਹਰਨ ਹੋਣਾ ਈਸਵੀ ੧੯੧੮

ਰਾਜਮੰਦਰੀ(ਮਦਰਾਸ)ਜੇਲ੍ਹ ਵਿਖੇ, ਜਿਥੋਂ 'ਜੇਲ੍ਹ ਚਿਠੀਆਂ' ਤੇ 'ਗੁਰਮਤਿ ਬਿਬੇਕ' ਦੀ ਰਚਨਾ ਹੋਈ ਅਕਤੂਬਰ ੧੯੨੧

ਨਾਗਪੁਰ (ਮਧ ਪ੍ਰਦੇਸ) ਵਿਚ ਭਾਈ ਕਰਤਾਰ ਸਿੰਘ ਕੈਨੇਡੀਅਨ ਸਮੇਤ ਦਸੰਬਰ ੧੯੨੨

ਨਾਗਪੁਰ ਜੇਲ੍ਹ ਵਿਖੇ ਤਸੀਹੇ, ਧਰਮ-ਧੱਕਾ ਅਤੇ ਪੰਥ ਵਲੋਂ ਅਰਦਾਸ ਦਿਵਸ ੧ ਫ਼ਰਵਰੀ ੧੯੨੩

ਨਾਗਪੁਰ ਜੇਲ੍ਹ ਇਕੱਲ-ਸਜ਼ਾ ਅਤੇ ਪੋਹ ਸੁ: ੭ ਦਸਮੇਸ਼ ਗੁਰਪੁਰਬ ਸਮੇਂ 'ਜੋਤਿ ਵਿਗਾਸ' ਦੀ ਰਚਨਾ ਜਨਵਰੀ ੧੯੩੦

ਪਾਦਰੀ ਐਲਵਿਨ,ਕੋਠੀ-ਬੰਦੀ ਦਾ ਤਜਰਬਾ, ਭਾਈ ਸਾਹਿਬ ਦੀ ਸ਼ਖ਼ਸੀਅਤ ਦਾ ਪ੍ਰਭਾਵ ਤੇ ਸਿਫ਼ਾਰਸ਼ ਅਪ੍ਰੈਲ ੧੯੩੦

ਲਾਹੌਰ ਸੈਂਟਰਲ ਜੇਲ੍ਹ ਤੋਂ ਰਿਹਾਈ ਅਤੇ ਭਗਤ ਸਿੰਘ ਨਾਲ ਮੁਲਾਕਾਤ ੪ ਅਕਤੂਬਰ ੧੯੩੦

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮੇ ਤੇ ਸਿਰੋਪਾਓ ਦੀ ਬਖ਼ਸ਼ਸ਼ ੧੫ ਸਤੰਬਰ ੧੯੩੧

ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਤੋਂ ਹੁਕਮਨਾਮੇ ਦੀ ਬਖ਼ਸ਼ਸ਼ ੨੫ ਮਾਰਚ ੧੯੪੦

ਕੁਮਾਰ ਹੱਟੀ, ਕਸ਼ਮੀਰ ਅਤੇ ਹੋਰ ਵਖ ਵਖ ਅਸਥਾਨਾਂ ਤੇ ਰਸ-ਰੰਗ-ਰਤੇ ਸਮਾਗਮ ੧੯੩੦ ਤੋਂ ੧੯੫੫

ਜੀਵਨ-ਯਾਤਰਾ ਦੇ ਆਖਰੀ ੬ ਸਾਲ,ਨਿਰਬਾਣ ਕੀਰਤਨਾਂ ਦੇ ਅਨੰਦ ਮੰਗਲ ਲੁਧਿਆਣੇ ਵਿਖੇ ੧੯੫੫ ਤੋਂ ੧੯੬੧

ਅਕਾਲ ਚਲਾਣਾ–੭੯-ਮਾਡਲ ਟਾਊਨ ਲੁਧਿਆਣਾ ਵਿਖੇ ਸਵੇਰੇ ਸਾਢੇ ਸਤ ਵਜੇ ੧੬ ਅਪ੍ਰੈਲ ੧੯੬੧

---

**ਜੇਲ੍ਹ ਚਿੱਠੀਆਂ**–ਭਾ: ਸਾ: ਰਣਧੀਰ ਸਿੰਘ ਜੀ ਲਿਖਤ ਸਵੈ-ਜੀਵਨੀ। ਇਸ ਪੁਸਤਕ ਨੂੰ ਪੜ੍ਹ ਕੇ ਅਨੇਕਾਂ ਪ੍ਰਾਣੀਆਂ ਦੇ ਜੀਵਨ ਪਲਟੇ ਹਨ। ਪੰਨੇ ੫੪੬ ਵਡੇ ਕਿਤਾਬ ਸਾਈਜ਼, ਜਿਲਦ ਕਪੜਾ, ਭੇਟਾ ੩੦-੦੦

**ਜੀਵਨ ਚਰਿਤਰ ਭਾ: ਸਾ: ਰਣਧੀਰ ਸਿੰਘ ਜੀ**–ਭਾਈ ਸਾਹਿਬ ਦਾ ਹਰ ਪਹਿਲੂ ਤੋਂ ਮੁਕੰਮਲ ਤੇ ਸੰਖੇਪ ਜੀਵਨ, ਨਿਕਟ-ਵਰਤੀਆਂ ਤੇ ਪ੍ਰੀਤਵਾਨਾਂ ਦੇ ਪ੍ਰੀਤ-ਭਰੇ ਸਮਾਚਾਰ ਅਤੇ ਚਾਰ ਦੁਰਲਭ ਟ੍ਰੈਕਟਾਂ ਸਮੇਤ, ੧੦ ਚਿਤਰ, ਪੰਨੇ ੨੭੨, ਭੇਟਾ ੭-੦੦



www.AKJ.Org

# ਕਾਨਵੈਂਟ ਸਕੂਲਾਂ ਵਿਚ ਪੜ੍ਹਦੇ ਸਿੱਖ ਬੱਚੇ

[ਭਾਈ ਨਰੈਣ ਸਿੰਘ ਜੀ ਐਮ. ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਦੇਸ਼ ਵਿਚ ਥਾਂ-ਪਰ-ਥਾਂ ਈਸਾਈ ਮਿਸ਼ਨਰੀਆਂ ਨੇ ਕਨਵੈਂਟ ਸਕੂਲ ਖੋਲ੍ਹੇ ਹੋਏ ਹਨ। ਇਸ ਵਿਚ ਸ਼ਕ ਨਹੀਂ ਕਿ ਉਨ੍ਹਾਂ ਦੀ ਪੜ੍ਹਾਈ ਦਾ ਮਿਆਰ ਭੀ ਆਮ ਸਕੂਲਾਂ ਨਾਲੋਂ ਬਹੁਤ ਉਚ੍ਹਾ ਹੈ ਅਤੇ ਪੜ੍ਹਾਈ ਦਾ ਮੀਡੀਅਮ ਤੇ ਹੋਰ ਸਾਰਾ ਵਾਤਾਵਰਣ ਭੀ ਅੰਗਰੇਜ਼ੀ ਅਤੇ ਬਾਹਲੇ ਖ਼ਰਚ ਵਾਲਾ ਹੋਣ ਕਰਕੇ ਉਨ੍ਹਾਂ ਦੇ ਵਿਦਿਆਰਥੀਆਂ ਦੀ ਰਹਿਣੀ ਬਹਿਣੀ, ਬੋਲ ਚਾਲ ਜ਼ਮਾਨੇ ਦੇ ਉੱਨਤ ਦੇਸ਼ਾਂ ਵਰਗਾ ਹੈ। ਇਸ ਲਈ ਹਰ ਮਨੁਖ, ਜਿਸ ਦੀ ਜੇਬ ਵਿਚ ਚਾਰ ਪੈਸੇ ਹਨ, ਆਪਣੇ ਬੱਚਿਆਂ ਨੂੰ ਕਾਨਵੈਂਟ ਸਕੂਲਾਂ ਵਿਚ ਪੜ੍ਹਾਉਣ ਦਾ ਚਾਹਵਾਨ ਹੁੰਦਾ ਹੈ, ਖ਼ਾਸ ਕਰ ਜਦੋਂ ਕਿ ਇਸ ਪਾਏ ਦੇ ਸਿਖ ਸਕੂਲ ਮੌਜੂਦ ਨਾ ਹੋਣ।

ਕਾਨਵੈਂਟ ਸਕੂਲ ਬਹੁਤ ਛੋਟੀ ਉਮਰ ਤੋਂ ਹੀ ਬੱਚਿਆਂ ਦੀ ਸੰਭਾਲ ਆਪਣੇ ਜ਼ਿੰਮੇ ਲੈ ਲੈਂਦੇ ਹਨ ਅਤੇ ਹੋਰ ਵਿਦਿਆ ਦੇ ਨਾਲ ਉਨ੍ਹਾਂ ਦੇ ਦੁਆਲੇ ਗਿਰਜੇ ਦਾ ਸਾਰਾ ਵਾਤਾਵਰਣ ਕਾਇਮ ਰਖਦੇ ਹਨ। ਭਾਵੇਂ ਪ੍ਰਗਟ ਤੌਰ ਤੇ ਉਹ ਕਿਸੇ ਬੰਦੇ ਨੂੰ ਈਸਾਈ ਮਤ ਧਾਰਨ ਕਰਨ ਲਈ ਸ਼ਾਇਦ ਨ ਕਹਿੰਦੇ ਹੋਣ ਪਰ ਉਥੋਂ ਦੇ ਮਾਹੌਲ ਵਿਚ ਪਲਿਆ ਤੇ ਪੜ੍ਹਿਆ ਬੱਚਾ ਅੱਧ ਈਸਾਈ ਤਾਂ ਜ਼ਰੂਰ ਹੋ ਜਾਂਦਾ ਹੈ ਅਤੇ ਸਿੱਖੀ ਵਲੋਂ ਤਾਂ ਬਿਲਕੁਲ ਕੋਰਾ ਹੁੰਦਾ ਹੈ। ਇਸ ਬਾਰੇ ਮੈਂ ਹੋਰ ਕੁਝ ਨਾ ਕਹਿੰਦਾ ਹੋਇਆ ਕੇਵਲ ਦੋ ਵ ਕਿਅਤ, ਜੋ ਮੈਂ ਵੇਖੇ ਜਾਂ ਮੇਰੇ ਸਾਹਮਣੇ ਵਾਪਰੇ, ਹੀ ਦਸਦਾ ਹਾਂ।

(੧) ਗੁਰਦੁਆਰਾ ਫ਼ਤਹਗੜ੍ਹ ਸਾਹਿਬ, ਜਿਥੇ ਸ੍ਰੀ ਦਸਮੇਸ਼ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਦੀਵਾਰ ਵਿਚ ਚਿਣੇ ਗਏ ਸਨ, ਦੇ ਦਰਸ਼ਨ ਕਰਦਿਆਂ ਮੈਨੂੰ ਇਕ ਬਜ਼ੁਰਗ ਮਾਤਾ ਦੇ ਨਾਲ ਕਾਨਵੈਂਟ ਸਕੂਲ ਵਿਚ ਪੜ੍ਹੀ ਇਕ ਸਿਖ ਮੇਜਰ ਜਨਰਲ ਦੀ 18–20 ਸਾਲ ਦੀ ਲੜਕੀ ਨੂੰ ਮਿਲਣ ਦਾ ਅਵਸਰ ਮਿਲਿਆ ਅਤੇ ਮੈਨੂੰ ਇਹ ਜਾਣ ਕੇ ਅਤਿ ਹੈਰਾਨੀ ਹੋਈ ਕਿ ਉਸ ਜਵਾਨ ਲੜਕੀ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਬਾਰੇ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਉੱਕਾ ਹੀ ਕੁਝ ਪਤਾ ਨਹੀਂ ਸੀ।

(੨) ਕਾਨਵੈਂਟ ਸਕੂਲ ਦੇ ਛੋਟੇ ਛੋਟੇ ਬੱਚੇ ਆਪਣੇ ਮਾਤਾ ਪਿਤਾ ਨਾਲ ਇਕ ਗੁਰਦੁਆਰੇ ਗਏ ਅਤੇ ਬੱਚਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿਚ ਓਹ ਸਾਰਾ ਡਰਾਮਾ ਕੀਤਾ ਜੋ ਓਹ ਆਪਣੇ ਸਕੂਲ ਦੇ ਗਿਰਜੇ ਵਿਚ ਹਜ਼ਰਤ ਈਸਾ ਜਾਂ ਮੇਰੀ ਦੀ ਮੂਰਤੀ ਸਾਹਮਣੇ ਕਰਿਆ ਕਰਦੇ ਸਨ, ਅਰਥਾਤ, ਉਨ੍ਹਾਂ ਗੋਡੇ ਝੁਕਾ ਕੇ (ਟੇਕ ਕੇ ਨਹੀਂ) ਆਪਣੇ ਹੱਥਾਂ ਨਾਲ ਹਵਾ ਵਿਚ ਕਰਾਸ ਦੀ ਸ਼ਕਲ ਬਣਾਈ ਤੇ ਖੜੇ ਖੜੇ ਸਿਰ ਝੁਕਾ ਕੇ ਵਾਪਸ ਆ ਗਏ।

ਇਨ੍ਹਾਂ ਵਾਕਿਆਤ ਬਾਰੇ ਹੋਰ ਪੜਚੋਲ ਨ ਕਰਦਾ ਹੋਇਆ ਮੈਂ ਕੇਵਲ ਏਨਾ ਹੀ ਕਹਾਂਗਾ ਕਿ ਸਾਡੇ ਅਮੀਰ ਘਰਾਣਿਆਂ ਦੇ ਬੱਚਿਆਂ ਦੀ ਜੇ ਸੌ ਫ਼ੀ ਸਦੀ ਨਹੀਂ ਤਾਂ ਬਹੁਤ ਵਡੀ ਪ੍ਰਤੀਸ਼ਤ ਦਾ ਇਹੋ ਹਾਲ ਹੈ, ਫਿਰ ਜੇ ਉਹ ਜਵਾਨ ਹੋ ਕੇ ਸਿੱਖੀ ਨੂੰ ਕੰਡ ਕਰ ਜਾਣ ਅਤੇ ਕੇਸ ਦਾੜ੍ਹੀ ਕਟਾ ਦੇਣ ਤਾਂ ਇਹ ਕਿਸ ਦਾ ਕਸੂਰ ਹੋਵੇਗਾ? ਮੈਨੂੰ ਕਈ ਚੰਗੇ ਗੁਰਮੁਖ ਸਿੱਖਾਂ ਦੇ ਐਮ.ਏ. ਬੀ.ਏ. ਵਿਚ ਪੜ੍ਹਦੇ ਬੱਚਿਆਂ ਪਾਸੋਂ ਇਹ ਜਾਣ ਕੇ ਕਿ ਉਹ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕਿਸੇ ਤੀਜੇ ਗੁਰੂ ਦਾ ਨਾਮ ਨਹੀਂ ਜਾਣਦੇ ਸਨ, ਬੜਾ ਦੁਖ ਹੋਇਆ।

ਕਾਸ਼! ਕਿ ਸਾਡੀਆਂ ਸਿੱਖ ਜਥੇਬੰਦੀਆਂ ਚੰਗੇ ਮਿਆਰੀ ਸਕੂਲ, ਜਿਨ੍ਹਾਂ ਵਿਚ ਸਿੱਖੀ ਦਾ ਵਾਤਾਵਰਣ ਹੋਵੇ, ਖੋਲ੍ਹਣ ਦੇ ਉਪਰਾਲੇ ਕਰ ਸਕਣ।

---

**ਪਠਾਨਕੋਟ ਵਿਖੇ ੩੦-੮ ਤੋਂ ੨-੯-੯੦ ਨੂੰ ਸਾਲਾਨਾ ਪਹਿਲਾ ਸਮਾਗਮ, ਵੇਰਵਾ ਅਗਸਤ 'ਸੂਰਾ' ਵਿਚ**



www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | |
|---|---|
| ਅੰਮ੍ਰਿਤਸਰ ਪਰਵਾਰ ਵਲੋਂ (ਸ: ਭਾਨ ਸਿੰਘ ਦੀ ਯਾਦ) | ੨੫੦-੦੦ |
| ਭਾਈ ਮੋਹਨ ਸਿੰਘ, ਬੁਲ੍ਹੋਵਾਲ | ੨੦੦-੦੦ |
| ਭਾਈ ਕੰਵਲਜੀਤ ਸਿੰਘ, ਲੁਧਿਆਣਾ | ੧੦੦-੦੦ |
| ਮਾਸਟਰ ਸਾਧੂ ਸਿੰਘ, ਬਹਿਬਲਪੁਰ | ੨੫-੦੦ |
| ਗੁਪਤ ... ... ... | ੧੦,੦੦੦-੦੦ |
| ਸ: ਮੋਹਰ ਸਿੰਘ ਤਰਨ ਤਾਰਨ | ੫੦੦-੦੦ |
| ਭਾਈ ਨਾਹਰ ਸਿੰਘ, ਉਪੋਕੀ (ਮਲੇਰਕੋਟਲੇ ਵਾਲਾ) | ੮੦੦-੦੦ |
| ਬੀਬੀ ਤ੍ਰਿਲੋਚਨ ਕੌਰ, ਆਦਮਪੁਰ | ੧੦੦-੦੦ |
| ਸ. ਦਲਜੀਤ ਸਿੰਘ ਗਰੇਵਜ਼ੈਂਡ ਕੈਂਟ ਯੂ. ਕੇ. | ੧੦੦੦-੦੦ |
| ਬੀ: ਬਲਬੀਰ ਕੌਰ ਤੇ ਸੁਰਿੰਦਰ ਸਿੰਘ, ਰੈਡਿੰਗ ਯੂ. ਕੇ | ੧੪੦੫-੦੦ |
| ਭਾਈ ਬਗੀਚਾ ਸਿੰਘ ਵੈਸਟ ਮਿਡਲੈਂਡ ਯੂ ਕੇ | ੨੪੦੦-੦੦ |
| ਆਈ.ਐਸ. ਡਬਲਯੂ. ਓ. ਲਮਿੰਗਟਨ ਯੂ ਕੇ | ੨੬੦੦੦-੦੦ |
| ਸ: ਮੋਹਣ ਸਿੰਘ ਹੋਠੀ, ਸਲੋਅ ਯੂਕੇ | ੨੩੪੦-੦੦ |
| ਸੰਗਤ ਗੁਰਦਵਾਰਾ ਰਾਮਗੜੀਆਂ ਕੋਵੈਂਟ੍ਰੀ ਯੂ ਕੇ | ੬੭੬੦-੦੦ |
| ਸ: ਮਲਕੀਅਤ ਸਿੰਘ, ਸਲੋਅ ਯੂ ਕੇ | ੬੫੦-੦੦ |
| ਸ: ਕੁਲਵੰਤ ਸਿੰਘ, ਨੌਟਿੰਘਮ ਯੂ ਕੇ | ੧੩੦੦-੦੦ |
| ਸ: ਜਗੀਰ ਸਿੰਘ ਲਿਸਟਰ ਯੂ ਕੇ | ੧੩੨੬-੦੦ |
| ਸੰਗਤ ਗੁਰਦਵਾਰਾ ਨਾਨਕ ਦਰਬਾਰ, ਸਾਊਥ ਗੇਟ | ੧੨੦੦-੦੦ |
| ਸ: ਦਰਸ਼ਨ ਸਿੰਘ ਮੂਲੀਆਂਵਾਲ | ੩੦-੦੦ |
| ਗੁਪਤ ... ... ... | ੧੦੦੦-੦੦ |
| ਸ: ਹਰਬੰਸ ਸਿੰਘ ਅੰਮ੍ਰਿਤਸਰ ਦੀ ਸਿੰਘਣੀ ਬੀ: ਪਰਮਜੀਤ ਕੌਰ ਦੇ ਭੋਗ ਸਮੇਂ ਭੇਟ | ੨੮੫-੦੦ |
| ਸ: ਸੰਤੋਖ ਸਿੰਘ ਕਲਕਤਾ | ੨੫੦੦-੦੦ |
| ਗੁਪਤ (ਸਹੀਦ ਸਿੰਘ ਦੇ ਭੋਗ ਸਮੇਂ ਭੇਟ) | ੨੯੬-੮੦ |
| ਭਾ: ਪਰਮਤੇਜ ਸਿੰਘ ਪੁਤਰ ਸ: ਬਲਵੰਤ ਸਿੰਘ ਸ਼ਿਮਲਾ | ੧੫੦-੦੦ |
| ਸ: ਰਣਧੀਰ ਸਿੰਘ ਪੁਤਰ ਸ: ਹਰਚੰਦ ਸਿੰਘ ਧਨੌਲਾ | ੧੧੦੦-੦੦ |
| ਬੀ: ਗੁਰਮੀਤਕੌਰ ਪਤਨੀ ਸ:ਕੇਵਲਸਿੰਘ ਵੋਲਵਰਹੈਂਪਟਨ | ੨੬੭-੦੦ |
| ਸ: ਜਗਤਾਰ ਸਿੰਘ, ਚੰਡੀਗੜ੍ਹ | ੪੦-੦੦ |
| ਸ: ਮਨਜੀਤ ਸਿੰਘ, ਬਰਮਿੰਘਮ ਯੂ ਕੇ | ੩੧੦੦-੦੦ |
| ਸ: ਪ੍ਰਦੁਮਨ ਸਿੰਘ, ਜਲੰਧਰ | ੧੦੦-੦੦ |
| ਬੀ: ਗੁਰਬਖਸ਼ ਕੌਰ, ਲਮਿੰਗਟਨ-ਸਪਾ | ੩੯੦-੦੦ |
| Mr. Tocdi Seerhai ਰਾਹੀਂ ਭਾ: ਗੁਰਨਾਮ ਸਿੰਘ | ੨੮੬-੦੦ |
| ਸ: ਇੰਦਰ ਸਿੰਘ ਖਾਲਸਾ ਪਰਵਾਰ ਸ਼ਿਮਲਾ (ਮਦਰਾਸੀ ਪਰਵਾਰ ਲਈ) | ੧੨੦੦-੦੦ |

## ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀਬੀ ਦਵਿੰਦਰ ਕੌਰ ਪਤਨੀ ਸ: ਬਲਬੀਰ ਸਿੰਘ ਧਰਮੀ ਫ਼ੌਜੀ— ਕੇਸ ਦੀ ਪੈਰਵੀ ਲਈ | ੧੦੦੦-੦੦ |
| ਭਾਈ ਪਰਮਜੀਤ ਸਿੰਘ ਪੁਤਰ ਸ: ਮਨਜੀਤ ਸਿੰਘ ਜਮਾਲਪੁਰ— ਕੇਸਾਂ ਦੀ ਪੈਰਵੀ ਲਈ | ੧੦੦੦-੦੦ |
| ਪੰਡਤ ਬਿਹਾਰੀ ਲਾਲ ਜਮਾਲਪੁਰ— ਚਾਰ ਮੈਂਬਰ ਸਹੀਦ ਤੇ ਦੋ ਪੁਤਰ ਜ਼ਮਾਨਤ ਤੇ, ਪੈਰਵੀ ਲਈ | ੫੦੦੦-੦੦ |
| ਫ਼ੌਜੀ ਅਤੇ ਪੀੜਤ ੬ ਪਰਵਾਰਾਂ ਨੂੰ ਬੈਂਕ ਰਾਹੀਂ ਮਾਸਕ ਸਹਾਇਤਾ | ੧੩੦੦-੦੦ |

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | |
|---|---|
| ਗੁਪਤ ਦਾਨ | ੨੦੦-੦੦ |
| ਸ: ਗੁਰਬਖਸ਼ ਸਿੰਘ ਖੰਨਾ (ਸੂਰਾ ਪਬਲੀਕੇਸ਼ਨ ਲਈ) | ੨੦੦-੦੦ |
| ਗੁਪਤ ਰਾਹੀਂ ਸ: ਪਰਮਜੀਤ ਸਿੰਘ ਅੰਮ੍ਰਿਤਸਰ | ੧੧੦੦-੦੦ |
| ਸ: ਰਾਜਿੰਦਰ ਸਿੰਘ, ਅਹਿਮਦਾਬਾਦ | ੫੦-੦੦ |
| Cpl-ਕੁਲਦੀਪ ਸਿੰਘ, ਬੰਗਲੌਰ | ੧੦੦-੦੦ |
| ਸ: ਸੰਤੋਖ ਸਿੰਘ, ਕਲਕੱਤਾ | ੨੫੦੦-੦੦ |
| ਗੁਪਤ ਦਾਨ | ੫੦-੦੦ |
| ਭਾਈ ਜੋਗਾ ਸਿੰਘ, ਯੂ. ਕੇ. | ੫੦-੦੦ |
| ਸ: ਮਨਮੋਹਨ ਸਿੰਘ ਜੀ ਫ਼ਾਰਸੀ-ਗੋ, ਨਵੀਂ ਦਿਲੀ ਦੇ ਪਰਵਾਰ ਵਲੋਂ ਸਰਦਾਰ ਜੀ ਦੇ ਅੰਤਮ ਭੋਗ ਸਮੇਂ | ੩੩੮-੨੦ |
| ਗਿਆਨੀ ਕਰਮ ਸਿੰਘ ਧਨੀ ਪਿੰਡ ਬੱਚੀ ਦੀ ਰਿਹਾਈ ਦੀ ਖੁਸ਼ੀ ਵਿਚ | ੨੫੦-੦੦ |
| ਸਿੰਘ ਬ੍ਰਦਰਜ਼ ਸਿਟੀ ਸੈਂਟਰ, ਅੰਮ੍ਰਿਤਸਰ ਸ੍ਰੀ ਅਖੰਡਪਾਠ ਦੇ ਭੋਗ ਸਮੇ ਭੇਟ | ੩੭੬-੭੫ |

## ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਛਪ ਰਹੀਆਂ ਪੁਸਤਕਾਂ

ਹੇਠ ਲਿਖੀਆਂ ਪੁਸਤਕਾਂ ਨਵੇਂ ਸਿਰੇ ਸੋਧੀਆਂ ਜਾ ਕੇ ਵਡੇ ਕਿਤਾਬੀ ਰੂਪ ਵਿਚ ਪ੍ਰੈਸ ਵਿਚ ਹਨ—

ਚਰਨ ਕਮਲ ਕੀ ਮਉਜ, ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ ? ਅਣਡਿਠੀ ਦੁਨੀਆ ।
ਉਪਰੰਤ ਰੰਗਲੇ ਸੱਜਣ, ਗੁਰਮਤਿ ਸੱਚ ਨਿਰਣਯ, ਅਨਹਦ ਸ਼ਬਦ ਦਸਮ ਦੁਆਰਾ ਛਪਣਗੀਆਂ ।

## ਗੁਰਬਾਣੀ ਰਹਿਤਨਾਮਾ (ਪ੍ਰਚਲਤ ਰਹਿਤਨਾਮਿਆਂ ਤੇ ਟਿਪਣੀ ਸਹਿਤ)

ਸਿੱਖੀ ਰਹਿਤ ਲਈ ਸਹੀ ਸੇਧ ਕੇਵਲ ਗੁਰਬਾਣੀ ਹੀ ਦੇਂਦੀ ਹੈ। ਇਸ ਟਰੈਕਟ ਵਿਚ ਗੁਰਬਾਣੀ ਦੀ ਸੇਧ ਵਿਚ ਸਿੱਖੀ ਰਹਿਤ ਦਰਸਾਈ ਗਈ ਹੈ। ਇਸ ਐਡੀਸ਼ਨ ਦੇ ਅੰਤ ਵਿਚ ਪੰਥ-ਵਿਰੋਧੀਆਂ ਵਲੋਂ ਗੁਰਮਤਿ-ਵਿਰੋਧੀ ਕੀਤੀ ਗਈ ਮਿਲਾਵਟ ਬਾਰੇ ਟਿਪਣੀਆਂ ਦੇ ਕੇ ਅਸਲੀਅਤ ਉਜਾਗਰ ਕੀਤੀ ਗਈ ਹੈ। ਭੇਟਾ ੧-੦੦

www.AKJ.Org

## ਭਾਈ ਮਨਮੋਹਨ ਸਿੰਘ ਜੀ ਫ਼ਾਰਸੀ-ਗੋ ਵਿਛੜ ਗਏ



'ਗੁਰਸਿਖ ਰਹਿਣੀ' ਦੇ ਲੇਖਿਕਾ ਬੀਬੀ ਅਮਰਜੀਤ ਕੌਰ ਦੇ ਪਤੀ ਭਾਈ ਮਨਮੋਹਨ ਸਿੰਘ ਜੀ, ਜੋ ਭਾਈ ਸਾਹਿਬ ਦੇ ਸਮੇਂ ਕੀਰਤਨ ਸਮਾਗਮਾਂ ਵਿਚ ਭਾਈ ਨੰਦ ਲਾਲ ਜੀ ਦੀਆਂ ਫ਼ਾਰਸੀ ਗ਼ਜ਼ਲਾਂ ਪੜ੍ਹਿਆ ਕਰਦੇ ਸਨ, ਨਵੀਂ ਦਿਲੀ ਵਿਖੇ ਅਕਾਲ ਚਲਾਣਾ ਕਰ ਗਏ ਹਨ। ਆਪ ਪੁਰਾਤਨ ਗੁਰਸਿਖਾਂ ਵਿਚੋਂ ਸਨ ਅਤੇ ਹਰ ਸਾਲ ਕਈ ਗੁਰਦੁਆਰਿਆਂ ਦੇ ਨਾਂ ਕੋਲੋਂ ਚੰਦਿਆਂ ਦੀ ਰਕਮ ਦੇ ਕੇ 'ਸੂਰਾ' ਜਾਰੀ ਕਰਵਾਂਦੇ ਸਨ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

## ਅੰਬਾਲਾ ਛਾਉਣੀ (ਗੁਰਦਵਾਰਾ ਗੋਬਿੰਦ ਨਗਰ) ਵਿਖੇ ਸਾਲਾਨਾ ਸਮਾਗਮ

ਭਾਈ ਹਰਚਰਨ ਸਿੰਘ ਜੀ ਤੇ ਭਾਈ ਇੰਦਰ ਸਿੰਘ ਜੀ ਸੂਚਨਾ ਦੇਂਦੇ ਹਨ ਕਿ ੯ ਅਗਸਤ ਨੂੰ ਸ੍ਰੀ ਅਖੰਡਪਾਠ ਰਖ ਕੇ ੧੧ ਅਗਸਤ ਸ਼ਨੀਵਾਰ ਸਵੇਰੇ ਭੋਗ ਤੋਂ ਉਪਰੰਤ ਦਿਵਸ ਸੁਹੇਲਾ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਹੋਣਗੇ। ਰਿਹਾਇਸ਼ ਤੇ ਲੰਗਰ ਗੁਰਦਵਾਰਾ ਗੋਬਿੰਦ ਨਗਰ ਵਿਖੇ ਹੀ ਹੋਣਗੇ।

## ਖੈਰਾ ਡੋਨਾ (ਕਪੂਰਥਲਾ) ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਅਵਤਾਰ ਦਿਵਸ ਸਾਲਾਨਾ ਸਮਾਗਮ

ਪ੍ਰਿੰਸੀਪਲ ਤਾਰਾ ਸਿੰਘ ਜੀ ਸੂਚਤ ਕਰਦੇ ਹਨ ਕਿ ਹਰ ਸਾਲ ਵਾਂਗ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਅਵਤਾਰ ਗੁਰਪੁਰਬ ਸੰਬੰਧੀ ਉਨ੍ਹਾਂ ਦੇ ਗ੍ਰਹਿ ਵਿਖੇ ੧੫-੭-੯੦ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ਦੁਪਹਿਰ ਇਕ ਵਜੇ ਤਕ ਕੀਰਤਨ ਹੋਣਗੇ। ੧੬-੭-੯੦ ਗੁਰਪੁਰਬ ਵਾਲੇ ਦਿਨ ਸਵੇਰੇ ੭ ਵਜੇ ਸਹਿਜ ਪਾਠ ਦੇ ਭੋਗ ਉਪਰੰਤ ੯ ਵਜੇ ਤਕ ਕੀਰਤਨ।

## ਗੁ: ਫਲਾਹੀ ਸਾਹਿਬ ਪਿੰਡ ਦਲਏ (ਲੁਧਿਆਣਾ) ਵਿਖੇ ਮਾਸਕ ਰੈਣ ਸਬਾਈ ਕੀਰਤਨ ੨੧ ਜੁਲਾਈ ਨੂੰ

## ਮਰਾੜ ਕਲਾਂ (ਫ਼ਰੀਦਕੋਟ) ਵਿਖੇ 28-7-90 ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ

ਕੋਟ ਕਪੂਰਾ ਤੋਂ ਮੁਕਤਸਰ ਰੋਡ ਤੇ ਸਰਾਏ ਨਾਗਾ ਤੋਂ ਦੋ ਕਿਲੋਮੀਟਰ, ਸਰਾਏ ਨਾਗਾ ਤੋਂ ਸ਼ਾਮ ਨੂੰ ਟਰਾਲੀ ਚਲੇਗੀ।

---

## ਕੈਲੀਫ਼ੋਰਨੀਆ (ਅਮ੍ਰੀਕਾ) ਅਖੰਡ ਕੀਰਤਨੀ ਜਥੇ ਵਲੋਂ ਰੈਣ ਸਬਾਈ ਕੀਰਤਨ 21-7-90 ਨੂੰ

ਭਾਈ ਰਾਜਿੰਦਰ ਸਿੰਘ ਲਿਖਦੇ ਹਨ ਕਿ ਗੁਰਦਵਾਰਾ ਸਾਹਿਬ ਸੈਲਮਾ (ਫਰਿਜ਼ਨੋ) ਵਿਚ ਸ਼ਨੀਵਾਰ ਰਾਤ ਨੂੰ ਕੀਰਤਨ ਹੋਣਗੇ।

---

## ਅਖੰਡ ਕੀਰਤਨੀ ਜਥਾ ਯੂ.ਕੇ. (ਇੰਗਲੈਂਡ) ਵਲੋਂ ਕੀਰਤਨ ਅਤੇ ਸ੍ਰੀ ਅਖੰਡ ਪਾਠ ਸਮਾਗਮ

(1) (ਯੂ. ਕੇ. ਪਧਰ ਤੇ) ਰੈਣ ਸਬਾਈ ਕੀਰਤਨ 14-7-90 ਸ਼ਨੀਵਾਰ ਰਾਤ, ਗੁਰਦਵਾਰਾ ਸਿਖ ਟੈਂਪਲ, ਪ੍ਰਾਸਪੈਕਟ ਸਟਰੀਟ, ਨੇੜੇ ਫ਼ਾਇਰ ਸਟੇਸ਼ਨ, ਹਡਰਸ ਫ਼ੀਲਡ। ਗੁਰਦਵਾਰਾ ਫ਼ੋਨ 0484-23773, ਜਥੇਦਾਰ ਦੀਦਾਰ ਸਿੰਘ 0484-545165

(2) (ਲੋਕਲ) ਸ੍ਰੀ ਅਖੰਡਪਾਠ (ਬੱਚੇ ਦੇ ਅਨੰਦ ਦੀ ਖੁਸ਼ੀ ਵਿਚ) 20 ਤੋਂ 22 ਜੁਲਾਈ, ਭਾਈ ਬਲਬੀਰ ਸਿੰਘ, 2-ਸੈਡਗਲੇਅ ਗਰੋਵ, ਹੈਂਡਸਵਰਥ ਵੁਡ, ਬਰਮਿੰਘਮ-20 ਵਿਖੇ, ਫੋਨ 021-523-9673,

(3) (ਲੋਕਲ) ਸ੍ਰੀ ਅਖੰਡਪਾਠ ਤੇ ਕੀਰਤਨ 3 ਤੋਂ 5 ਅਗਸਤ, ਬੀਬੀ ਬਲਜੀਤ ਕੌਰ, 24-ਬੁਕਿੰਗਹਮ ਐਵੇਨਿਊ, ਸਲੋਅ ਵਿਖੇ, ਫ਼ੋਨ 075?-8?4759 ਅਤੇ 07?3-76246.

(4) (ਲੋਕਲ) ਸ੍ਰੀ ਅਖੰਡਪਾਠ 2 ਤੋਂ 4 ਅਗਸਤ ਉਪਰੰਤ ਕੀਰਤਨ ਤੇ ਅਨੰਦ ਕਾਰਜ ਗੁਰਦਵਾਰਾ ਸਿਖ ਟੈਂਪਲ, 98 ਨਿਊ ਸਟਰੀਟ, ਲਮਿੰਗਟਨ ਸਪਾ ਵਿਖੇ। ਗੁਰਦਵਾਰਾ ਫ਼ੋਨ 0926-24297 ਅਤੇ 0926-330008

(5) (ਲੋਕਲ) ਸ੍ਰੀ ਅਖੰਡਪਾਠ ਤੇ ਕੀਰਤਨ 10 ਤੋਂ 12 ਅਗਸਤ, ਭਾਈ ਸੋਹਣ ਸਿੰਘ, 218, ਵੈਕਸਹੈਮ ਰੋਡ, ਸਲੋਅ ਵਿਖੇ ਫ਼ੋਨ 0753-?0324 ਅਤੇ 0753-76246

---

ਡਰਾਫ਼ਟ, ਮਨੀਆਰਡਰ ਤੇ ਚਿਠੀ ਪੱਤਰ ਭੇਜਣ ਦਾ ਪਤਾ

**ਸੂਰਾ ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

www.AKJ.Org